Farecracker.com
Specially Negotiated Fares

30% DISCOUNT

# FLY CHEAPER!!!

## AIR CANADA
ਦੀਆਂ ਸਸਤੀਆਂ ਟਿਕਟਾਂ

-Non-stop flights to New Delhi
-Round trips




## Special Family Airfares Call us Anytime!

Please call us up and get a no obligatory Airfare Quote on our Business

*What's App no.*
**(732) 716-3555**

*or Call us on*
**(516) 207 1427**

*Local Canadian no.*
**(647) 794-1775**

*or Email us at*
**farecracker@gmail.com**

- India • Nepal • Srilanka
- Bangladesh • Pakistan
- Dubai • Abu Dhabi
- Riyadh • Europe • Bangkok
- Singapore • Kuala Lumpur
- Bali • Australia

ਚੰਡੀਗੜ੍ਹ/ਅੰਮ੍ਰਿਤਸਰ/ਦਿੱਲੀ ਟਿਕਟਾਂ ਤੇ ਭਾਰੀ ਛੋਟ ਲਈ *Online* ਚੈੱਕ ਕਰੋ:
*Farecracker.com*

SPECIAL DEAL
- Air Canada Non-Stop Flights from Toronto to Delhi starting at $1023
- ਏਅਰ ਕੈਨੇਡਾ ਦੀ ਨਾਨ-ਸਟਾਪ ਟਰਾਂਟੋ ਤੋ ਅੰਮ੍ਰਿਤਸਰ ਟਿਕਟਾਂ $1023 ਤੋਂ ਸ਼ੁਰੂ




Lufthansa · AIR CANADA · QATAR AIRWAYS · American Airlines · SWISS · Alitalia · asta American Society of Travel Advisors

# ਹੁਣ ਬਜਟ ਮੁਤਾਬਕ ਕਿਫਾਇਤੀ ਘਰ ਖਰੀਦਣ ਦਾ ਓਨਟਾਰੀਓ ਵਾਸੀਆਂ ਦਾ ਸੁਪਨਾ ਹੋਵੇਗਾ ਸਾਕਾਰ : ਪ੍ਰਭਮੀਤ ਸਰਕਾਰੀਆ

ਬਰੈਂਪਟਨ, 2 ਮਈ (ਪੋਸਟ ਬਿਊਰੋ) : ਆਪਣੇ ਪਰਿਵਾਰ ਦੇ ਬਜਟ ਮੁਤਾਬਕ ਕਿਫਾਇਤੀ ਘਰ ਖਰੀਦਣ ਲਈ ਸੰਘਰਸ਼ ਕਰ ਰਹੇ ਲੋਕਾਂ ਦੀ ਮਦਦ ਸਾਡੀ ਸਰਕਾਰ ਵੱਲੋਂ ਕੀਤੀ ਜਾ ਰਹੀ ਹੈ। ਅਸੀਂ ਅਜਿਹੀ ਯੋਜਨਾ ਲੈ ਕੇ ਆ ਰਹੇ ਹਾਂ ਜਿਹੜੀ ਬਰੈਂਪਟਨ ਦੇ ਲੋਕਾਂ ਲਈ ਵੱਡੀ ਰਾਹਤ ਤੇ ਢੁਕਵੇਂ ਬਦਲ ਲੈ ਕੇ ਆਵੇਗੀ। ਇਹ ਖੁਲਾਸਾ ਬਰੈਂਪਟਨ ਸਾਊਥ ਤੋਂ ਐਮਪੀਪੀ ਪ੍ਰਭਮੀਤ ਸਰਕਾਰੀਆ ਨੇ ਕੀਤਾ।

ਉਨ੍ਹਾਂ ਆਖਿਆ ਕਿ ਓਨਟਾਰੀਓ ਦਾ ਹਾਊਸਿੰਗ ਸਪਲਾਈ ਐਕਸ਼ਨ ਪਲੈਨ ਓਨਟਾਰੀਓ ਦੇ ਹਾਊਸਿੰਗ ਸੰਕਟ ਨਾਲ ਨਜਿੱਠੇਗਾ। ਇਸ ਯੋਜਨਾ ਰਾਹੀਂ ਸਾਡੀ ਸਰਕਾਰ ਹਾਊਸਿੰਗ ਤੇ ਬਿਲਡਿੰਗ ਪਾਰਟਨਰਜ਼ ਨੂੰ ਅਜਿਹੇ ਘਰ ਬਣਾਉਣ ਲਈ ਹੱਲਾਸ਼ੇਰੀ ਦੇ ਰਹੀ ਹੈ ਜਿਹੜੇ ਬਰੈਂਪਟਨ ਵਾਸੀਆਂ ਤੇ ਪ੍ਰੋਵਿੰਸ ਭਰ ਦੇ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਦੇ ਹੋਣ। ਅਸੀਂ ਚਾਹੁੰਦੇ ਹਾਂ ਕਿ ਇੰਡਸਟਰੀ ਇਹ ਧਿਆਨ ਰੱਖ ਕੇ ਚੱਲੇ ਕਿ ਇਹ ਘਰ ਕਿਫਾਇਤੀ ਹੋਣ, ਕਿਰਾਏ ਉੱਤੇ ਦੇਣ ਵਾਲੀਆਂ ਯੂਨਿਟਸ ਦਾ ਆਕਾਰ ਸਹੀ ਹੋਵੇ ਤੇ ਹਾਊਸਿੰਗ ਟਾਈਪ ਵੀ ਠੀਕ ਹੋਵੇ।

ਪ੍ਰਭਮੀਤ ਸਰਕਾਰੀਆ ਨੇ ਆਖਿਆ ਕਿ ਬਰੈਂਪਟਨ ਵਿੱਚ ਘਰ ਲੱਭਣਾ ਕਈ ਲੋਕਾਂ ਲਈ ਵੱਡੀ ਚੁਣੌਤੀ ਹੈ ਕਿਉਂਕਿ ਘਰਾਂ ਦੇ ਨਿਰਮਾਣ ਵਿੱਚ ਕਾਫੀ ਸਮਾਂ ਲੱਗਦਾ ਹੈ ਤੇ ਪੈਸਾ ਵੀ ਕਾਫੀ ਜ਼ਾਇਆ ਹੁੰਦਾ ਹੈ। ਸਾਡੀ ਸਰਕਾਰ ਸਹੀ ਕਿਸਮ ਦੇ ਘਰ ਸਹੀ ਥਾਂ ਉੱਤੇ ਬਣਾਉਣਾ ਚਾਹੁੰਦੀ ਹੈ ਤਾਂ ਕਿ ਲੋਕਾਂ ਲਈ ਸਹੂਲਤ ਰਹੇ ਤੇ ਉਹ ਅਜਿਹਾ ਘਰ ਹਾਸਲ ਕਰ ਸਕਣ ਜਿਹੜਾ ਉਨ੍ਹਾਂ ਦੀ ਪਹੁੰਚ ਵਿੱਚ ਹੋਵੇ। ਉਨ੍ਹਾਂ ਆਖਿਆ ਕਿ ਸਾਬਕਾ ਸਰਕਾਰ ਨੇ ਬਹੁਤ ਹੀ ਗੁੰਝਲਦਾਰ ਹਾਊਸਿੰਗ ਸਿਸਟਮ ਤਿਆਰ ਕੀਤਾ ਸੀ। ਇੱਥੇ ਹੀ ਬੱਸ ਨਹੀਂ ਲਾਲ ਫੀਤਾਸ਼ਾਹੀ ਤੇ ਸਰਕਾਰੀ ਫੀਸ ਤੋਂ ਇਲਾਵਾ ਕਈ ਸਾਲਾਂ ਦੇ ਪੇਪਰਵਰਕ ਤੇ ਮਹਿੰਗੇ ਘਰਾਂ ਕਾਰਨ ਆਮ ਲੋਕਾਂ ਦੀ ਬੱਸ ਹੋ ਜਾਂਦੀ ਸੀ।



ਉਨ੍ਹਾਂ ਆਖਿਆ ਕਿ ਨਵੇਂ ਮਾਪਦੰਡਾਂ ਤਹਿਤ ਜਿੱਥੇ ਲਾਲ ਫੀਤਾਸ਼ਾਹੀ ਘਟੇਗੀ ਉੱਥੇ ਹੀ ਸਿਹਤ ਤੇ ਸੇਫਟੀ ਦਾ ਖਾਸ ਖਿਆਲ ਰੱਖਿਆ ਜਾਵੇਗਾ। ਇਸ ਸੱਭ ਦੇ ਨਾਲ ਹੀ ਵਾਤਾਵਰਣ ਤੇ ਗ੍ਰੀਨਬੈਲਟ ਦਾ ਵੀ ਧਿਆਨ ਰੱਖਿਆ ਜਾਵੇਗਾ। ਉਨ੍ਹਾਂ ਆਖਿਆ ਕਿ ਸਾਡੀ ਸਰਕਾਰ ਪੁਰਾਣੀਆਂ ਤੇ ਖਾਲੀ ਪਈਆਂ ਇਮਾਰਤਾਂ ਨੂੰ ਵੀ ਨਵੇਂ ਆਧੁਨਿਕ ਘਰਾਂ ਵਿੱਚ ਬਦਲਣਾ ਚਾਹੁੰਦੀ ਹੈ ਤੇ ਉਨ੍ਹਾਂ ਦੇ ਮਿਆਰ ਨੂੰ ਬਰਕਰਾਰ ਰੱਖਦਿਆਂ ਹੋਇਆਂ ਉਨ੍ਹਾਂ ਨੂੰ ਨਵਾਂ ਰੂਪ ਦੇਣਾ ਚਾਹੁੰਦੀ ਹੈ।ਇਸ ਦੌਰਾਨ ਐਮਪੀਪੀ ਅਰਮਜੋਤ ਸੰਧੂ ਨੇ ਆਖਿਆ ਕਿ ਸਾਡੇ ਐਕਸ਼ਨ ਪਲੈਨ ਵਿੱਚ ਲੋਕਾਂ ਨੂੰ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਆਖਿਆ ਕਿ ਹੋਰ ਘਰਾਂ ਦੇ ਨਿਰਮਾਣ ਨਾਲ ਕਾਰੋਬਾਰਾਂ ਤੇ ਨਿਵੇਸ਼ਕਾਂ ਲਈ ਬਰੈਂਪਟਨ ਹੋਰ ਖਿੱਚ ਦਾ ਕੇਂਦਰ ਬਣ ਜਾਵੇਗਾ। ਇਸ ਨਾਲ ਇਹ ਵੀ ਸਿੱਧ ਹੋਵੇਗਾ ਕਿ ਓਨਟਾਰੀਓ ਕਾਰੋਬਾਰਾਂ ਤੇ ਨੌਕਰੀਆਂ ਲਈ ਖੁੱਲ੍ਹਾ ਹੈ।

## ਅੱਜ ਨਾਮਾ

ਸੁਬਰਾਮਨੀਅਮ ਸਵਾਮੀ ਇਹ ਕਹੀ ਜਾਂਦਾ,
ਕੰਮ ਮੋਦੀ ਦਾ ਸੂਤਰ ਨਹੀਂ ਆਉਣ ਵਾਲਾ।
ਲੀਡਰ ਭਾਜਪਾ ਦਾ ਕਹਿ ਰਿਹਾ, ਇੰਜ ਜਾਪੇ,
ਨਤੀਜਾ ਆਉਣਾ ਹੈ ਬਹੁਤ ਡਰਾਉਣ ਵਾਲਾ।
ਧੂੜਾਂ ਪੁੱਟਣ ਲਈ ਮਾਹਰ ਤਾਂ ਭਾਜਪਾਈਏ,
ਅੰਦਾਜ਼ੇ ਅਸਲ ਨਾ ਕੋਈ ਹੈ ਲਾਉਣ ਵਾਲਾ।
ਮਈ ਦੀ ਤੇਈ ਤਾਰੀਖ ਜਦ ਕੋਲ ਆ ਗਈ,
ਦਿੱਸਦਾ ਨਕਸ਼ ਨਹੀਂ ਧੀਰ ਬਣਾਉਣ ਵਾਲਾ।
ਦਾਅਵਾ ਜਿੱਤ ਦਾ ਕਰਨ ਲਈ ਕਈ ਸੱਜਣ,
ਲੱਭੇ ਕੋਈ ਨਹੀਂ ਲਾਉਣ ਲਈ ਸ਼ਰਤ ਹਾਲੇ।
ਹਵਾਈ ਘੋੜੇ ਆਕਾਸ਼ਾਂ ਵਿੱਚ ਬਹੁਤ ਉੱਡਣ,
ਵੇਖਦਾ ਕੋਈ ਨਹੀਂ ਜਾਪ ਰਿਹਾ ਧਰਤ ਹਾਲੇ।

ਤੀਸ ਮਾਰ ਖਾਂ

## ਹਾਈ ਕੋਰਟ ਨੇ ਚੋਣ ਕਮਿਸ਼ਨ ਨੂੰ ਰਾਜਸੀ ਧਿਰਾਂ ਦੇ ਖਰਚੇ ਬਾਰੇ ਐਫੀਡੇਵਿਟ ਦੇਣ ਲਈ ਕਿਹਾ

ਨਵੀਂ ਦਿੱਲੀ, 2 ਮਈ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਚੋਣ ਕਮਿਸ਼ਨ ਨੂੰ ਐਫੀਡੇਵਿਟ ਪੇਸ਼ ਕਰਕੇ ਇਹ ਦੱਸਣ ਲਈ ਕਿਹਾ ਹੈ ਕਿ ਸਿਆਸੀ ਪਾਰਟੀਆਂ ਦੇ ਖਰਚੇ ਦੇ ਖੁਲਾਸੇ ਨਾਲ ਸਬੰਧਤ ਉਸ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਉਸ ਕੋਲ ਕੀ ਤਾਕਤਾਂ ਹਨ। ਇਸ ਮਾਮਲੇ 'ਤੇ ਅੱਗੇ ਸੁਣਵਾਈ 16 ਜੁਲਾਈ ਨੂੰ ਹੋਵੇਗੀ।

ਚੀਫ ਜਸਟਿਸ ਰਾਜੇਂਦਰ ਮੈਨਨ ਅਤੇ ਜਸਟਿਸ ਅਨੂਪ ਜੈਰਾਮ ਭਮਭਾਨੀ ਦੇ ਬੈਂਚ ਨੇ ਚੋਣ ਕਮਿਸ਼ਨ ਨੂੰ ਸਬੰਧਤ ਦਸਤਾਵੇਜ਼ ਸੌਂਪਣ ਦਾ ਆਖਰੀ ਮੌਕਾ ਦਿੰਦਿਆਂ ਕਿਹਾ ਹੈ ਕਿ ਜੇ ਉਹ ਅਜਿਹਾ ਕਰਨ 'ਚ ਨਾਕਾਮ ਰਹਿੰਦਾ ਹੈ ਤਾਂ ਅਦਾਲਤ ਨੂੰ ਫੈਸਲਾ ਸੁਣਾਉਣਾ ਪਏਗਾ। ਹਾਈ ਕੋਰਟ ਨੇ ਇਹ ਵੀ ਕਿਹਾ ਕਿ ਇਹ ਕੇਸ ਪੰਜ ਸਾਲਾਂ ਤੋਂ ਲਟਕ ਰਿਹਾ ਹੈ ਅਤੇ ਇਸ ਦਾ ਐਫੀਡੇਵਿਟ ਦੇਣ ਲਈ ਫਰਵਰੀ 'ਚ ਚੋਣ ਕਮਿਸ਼ਨ ਨੂੰ ਦਿੱਤੇ ਗਏ ਨਿਰਦੇਸ਼ ਦਾ ਅਜੇ ਵੀ ਪਾਲਣ ਨਹੀਂ ਕੀਤਾ ਗਿਆ।

ਇਸ ਸੰਬੰਧ ਵਿੱਚ ਗੈਰ ਸਰਕਾਰੀ ਜਥੇਬੰਦੀ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ (ਏ ਡੀ ਆਰ) ਦੇ ਵਕੀਲ ਅਰਵਿੰਦ ਨਿਗਮ ਨੇ ਦਲੀਲ ਦਿੱਤੀ ਕਿ ਸਿਆਸੀ ਪਾਰਟੀਆਂ ਆਮਦਨ ਟੈਕਸ ਨਾ ਭਰ ਕੇ ਛੋਟ ਦਾ ਦਾਅਵਾ ਕਰਨ ਲੱਗਦੀਆਂ ਹਨ। ਇਸ ਤੋਂ ਪਹਿਲਾਂ ਹਾਈ ਕੋਰਟ ਨੇ ਚੋਣ ਕਮਿਸ਼ਨ ਤੋਂ ਪੁੱਛਿਆ ਸੀ ਕਿ ਕੀ ਉਹ ਸਿਆਸੀ ਪਾਰਟੀਆਂ ਦੇ ਖਿਲਾਫ ਕਾਰਵਾਈ ਕਰਨ ਲਈ ਸ਼ਕਤੀਹੀਣ ਹੈ ਜੋ ਫੰਡਾਂ ਅਤੇ ਖਰਚ ਦੇ ਬਿਊਰੋ ਦਾ ਖੁਲਾਸਾ ਕਰਨ ਦੇ ਉਸ ਦੇ ਦਿਸ਼ਾ ਨਿਰਦੇਸ਼ਾਂ ਦਾ ਪਾਲਣ ਨਹੀਂ ਕਰਦੀਆਂ ਹਨ।

## ਮਿਸੀਸਾਗਾ ਦੀ ਐਮੀਪੀਪੀ ਵੱਲੋਂ ਮੈਨਡੇਟਰੀ ਪੁਲਿਸ ਟਰੇਨਿੰਗ ਐਕਟ ਪੇਸ਼

ਮਸੀਸਾਗਾ, 2 ਮਈ (ਪੋਸਟ ਬਿਊਰੋ) : ਮਿਸੀਸਾਗਾ ਸੈਂਟਰ ਤੋਂ ਐਮਪੀਪੀ ਨਟਾਲੀਆ ਕੁਸੇਂਦੋਵਾ ਵੱਲੋਂ ਮੈਨਡੇਟਰੀ ਪੁਲਿਸ ਟਰੇਨਿੰਗ ਐਕਟ, 2019 ਪੇਸ ਕੀਤਾ ਗਿਆ। ਜੇ ਇਹ ਪ੍ਰਾਈਵੇਟ ਮੈਂਬਰ ਬਿੱਲ ਪਾਸ ਹੋ ਜਾਂਦਾ ਹੈ ਤਾਂ ਸਾਰੇ ਪੁਲਿਸ ਅਧਿਕਾਰੀਆਂ, ਸਪੈਸਲ ਕਾਂਸਟੇਬਲਜ, ਫਰਸਟ ਨੇਸਨਜ ਅਧਿਕਾਰੀਆਂ, ਇੰਸਪੈਕਟਰ ਜਨਰਲ ਤੇ ਕਮਿਊਨਿਟੀ ਸੇਫਟੀ ਐਂਡ ਪੁਲਿਸਿੰਗ ਐਕਟ, 2019 ਤਹਿਤ ਇੰਸਪੈਕਟਰਜ ਨੂੰ ਇਹ ਟਰੇਨਿੰਗ ਲੈਣਾ ਲਾਜਮੀ ਹੋ ਜਾਵੇਗਾ।



ਇਹ ਟਰੇਨਿੰਗ ਨਸੀਲੇ ਪਦਾਰਥਾਂ ਦੀ ਓਵਰਡੋਜ ਦੇ ਸਬੰਧ ਵਿੱਚ ਨੈਲੌਕਜੋਨ ਪ੍ਰਸਾਸਨ ਤਹਿਤ ਮੰਤਰਾਲੇ ਵੱਲੋਂ ਮਨਜੂਰਸੁਦਾ ਹੋਵੇਗੀ। ਓਨਟਾਰੀਓ ਨੈਲੌਕਜੋਨ ਪ੍ਰੋਗਰਾਮ (ਓਐਨਪੀ) ਦੀ ਸਫਲਤਾ ਤੋਂ ਬਾਅਦ ਓਨਟਾਰੀਓ ਨੈਲੌਕਜੋਨ ਪ੍ਰੋਗਰਾਮ ਫੌਰ ਫਾਰਮੇਸੀਜ (ਓਐਨਪੀਪੀ) ਤੇ ਕਮਿਊਨਿਟੀ ਸੇਫਟੀ ਐਂਡ ਕੋਰੈਕਸਨ ਸਰਵਿ-ਸਿਜ ਮੰਤਰਾਲੇ ਦੇ ਟੇਕ ਹੋਮ ਨੈਲੌਕਸਜੋਨ ਪ੍ਰੋਗਰਾਮ ਬਾਰੇ ਕੁਸੇਂਦੋਵਾ ਵੱਲੋਂ ਲਿਆਂਦੇ ਪੁਲਿਸ ਟਰੇਨਿੰਗ ਐਕਟ ਨਾਲ ਮੂਹਰਲੀ ਕਤਾਰ ਦੇ ਵਿਅਕਤੀਆਂ, ਯੂਨੀਫੌਰਮ ਵਿਚਲੇ ਅਧਿਕਾਰੀਆਂ ਨੂੰ ਫੌਰੀ ਕੰਮ ਕਰਨ ਦਾ ਸੰਦ ਮਿਲ ਜਾਵੇਗਾ ਤੇ ਉਹ ਜਿੰਦਗੀਆਂ ਬਚਾਅ ਸਕਣਗੇ।

ਨੈਲੌਕਜੋਨ, ਜਿਸ ਨੂੰ ਨਾਰਕਾਨ ਵੀ ਆਖਦੇ ਹਨ, ਨਸੀਲੇ ਪਦਾਰਥ ਦੀ ਓਵਰਡੋਜ ਦੇ ਅਸਰ ਨੂੰ ਉਲਟਾਅ ਦਿੰਦਾ ਹੈ ਤੇ ਐਮਰਜੰਸੀ ਸੇਵਾਵਾਂ ਨੂੰ ਮੌਕੇ ਉੱਤੇ ਪਹੁੰਚਣ ਲਈ ਹੋਰ ਸਮਾਂ ਦਿੰਦਾ ਹੈ। ਨੈਲੌਕਸਜੋਨ ਚਾਰ ਮਿੰਟ ਵਿੱਚ ਅਸਰ ਕਰਦਾ ਹੈ। ਇਸ ਨੂੰ ਲਗਾਤਾਰ ਦਿੱਤਾ ਜਾ ਸਕਦਾ ਹੈ ਤੇ ਇਸ ਨਾਲ ਕੋਈ ਨੁਕਸਾਨ ਵੀ ਨਹੀਂ ਹੁੰਦਾ। ਇਸ ਦੀ ਵਰਤੋਂ ਇੰਜੈਕਸਨ ਰਾਹੀਂ ਜਾਂ ਨੱਕ ਰਾਹੀਂ ਸਪਰੇਅ ਰਾਹੀਂ ਦਿੱਤੀ ਜਾ ਸਕਦੀ ਹੈ।

## ਭਾਰਤ ਵਿੱਚ ਵੀ ਬੁਰਕੇ ਉੱਤੇ ਪਾਬੰਦੀ ਦੀ ਮੰਗ ਉਠ ਪਈ

ਨਵੀਂ ਦਿੱਲੀ, 2 ਮਈ (ਪੋਸਟ ਬਿਊਰੋ)- ਸ੍ਰੀਲੰਕਾ ਵਿੱਚ ਭਿਆਨਕ ਅੱਤਵਾਦੀ ਹਮਲਿਆਂ ਪਿੱਛੋਂ ਸਰਕਾਰ ਨੇ ਜਨਤਕ ਥਾਵਾਂ 'ਤੇ ਚਿਹਰਾ ਢੱਕਣ ਵਾਲੇ ਹਰ ਤਰ੍ਹਾਂ ਦੇ ਕੱਪੜਿਆਂ 'ਤੇ ਪਾਬੰਦੀ ਲਾ ਦਿੱਤੀ ਹੈ, ਪਰ ਚੋਣਾਂ ਦੇ ਮੌਸਮ ਵਿੱਚ ਇਹ ਮੁੱਦਾ ਭਾਰਤ ਵਿੱਚ ਵੀ ਭਖਣ ਲੱਗਾ ਹੈ। ਸ਼ਿਵ ਸੈਨਾ ਨੇ ਆਪਣੇ ਮੁੱਖ ਪੱਤਰ ਸਾਮਨਾ ਵਿੱਚ ਸੰਪਾਦਕੀ ਲਿਖ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਭਾਰਤ ਵਿੱਚ ਵੀ ਬੁਰਕੇ ਉੱਤੇ ਪਾਬੰਦੀ ਲਾਉਣ ਲਈ ਕਿਹਾ ਹੈ। ਭਾਜਪਾ ਨੇ ਇਹ ਮੰਗ ਰੱਦ ਕਰ ਦਿੱਤੀ ਹੈ। ਭਾਜਪਾ ਦੇ ਬੁਲਾਰੇ ਜੀ ਵੀ ਐੱਲ ਨਰਸਿਮਹਾ ਰਾਓ ਨੇ ਸਾਮਨਾ ਦੀ ਸੰਪਾਦਕੀ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੀ ਪਾਬੰਦੀ ਦੀ ਕੋਈ ਲੋੜ ਨਹੀਂ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੀ ਅਗਵਾਈ ਵਿੱਚ ਅਸੀਂ ਅੱਤਵਾਦ ਨੂੰ ਰੋਕਣ ਵਿੱਚ ਸਫਲ ਹੋਏ ਹਾਂ। ਕਿਸੇ ਕਿਸਮ ਦੀ ਪਾਬੰਦੀ ਲਾਉਣ ਦੀ ਮੇਰੇ ਹਿਸਾਬ ਨਾਲ ਲੋੜ ਨਹੀਂ।

ਸ਼ਿਵ ਸੈਨਾ ਨੇ ਮੰਗ ਕੀਤੀ ਹੈ ਕਿ ਰਾਵਣ ਦੀ ਲੰਕਾ ਵਿੱਚ ਬੁਰਕੇ 'ਤੇ ਪਾਬੰਦੀ ਲੱਗ ਗਈ ਹੈ ਤਾਂ ਭਗਵਾਨ ਰਾਮ ਦੀ ਅਯੁੱਧਿਆ ਵਿੱਚ ਕਿਉਂ ਨਹੀਂ ਲੱਗੀ? ਪ੍ਰਧਾਨ ਮੰਤਰੀ ਮੋਦੀ ਨੂੰ ਵੀ ਸ੍ਰੀਲੰਕਾ ਦੇ ਰਾਸ਼ਟਰਪਤੀ ਦੇ ਕਦਮਾਂ 'ਤੇ ਚੱਲਦੇ ਹੋਏ ਹਿੰਦੋਸਤਾਨ ਵਿੱਚ ਵੀ ਬੁਰਕੇ ਤੇ ਨਕਾਬ ਉੱਤੇ ਰੋਕ ਲਾਉਣੀ ਚਾਹੀਦੀ ਹੈ। ਫਰਾਂਸ ਵਿੱਚ ਵੀ ਅੱਤਵਾਦੀ ਹਮਲੇ ਹੁੰਦੇ ਸਾਰ ਉਥੋਂ ਦੀ ਸਰਕਾਰ ਨੇ ਬੁਰਕਾਬੰਦੀ ਕੀਤੀ ਸੀ। ਨਿਊਜ਼ੀਲੈਂਡ, ਆਸਟਰੇਲੀਆ ਅਤੇ ਬ੍ਰਿਟੇਨ ਵਿੱਚ ਵੀ ਇਹੀ ਕੁਝ ਹੋਇਆ, ਫਿਰ ਇਸ ਬਾਰੇ ਹਿੰਦੋਸਤਾਨ ਵਿੱਚ ਕਿਉਂ ਨਹੀਂ?

ਦੂਸਰੇ ਪਾਸੇ ਆਲ ਇੰਡੀਆ ਮਜਲਿਸ-ਏ-ਇਤੇਹਾਦੁਲ ਮੁਸਲਮੀਨ ਦੇ ਮੁਖੀ ਅਸਦੂਦੀਨ ਓਵੈਸੀ ਨੇ ਸ਼ਿਵ ਸੈਨਾ ਉਤੇ ਤਿੱਖੇ ਹਮਲੇ ਕੀਤੇ ਹਨ। ਉਨ੍ਹਾਂ ਨੇ ਕਿਹਾ ਕਿ ਕਿਸੇ ਦੇ ਪਹਿਰਾਵੇ ਉਤੇ ਕੋਈ ਪਾਬੰਦੀ ਨਹੀਂ ਲਾਈ ਜਾ ਸਕਦੀ। ਇਸ ਸੰਬੰਧੀ ਸਾਨੂੰ ਸਵਿਧਾਨ ਵਿੱਚ ਮੌਲਿਕ ਅਧਿਕਾਰ ਮਿਲਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਕੱਲ੍ਹ ਨੂੰ ਕੋਈ ਇਹ ਕਹਿ ਦੇਵੇਗਾ ਕਿ ਤੁਹਾਡੇ ਚਿਹਰੇ 'ਤੇ ਦਾੜ੍ਹੀ ਠੀਕ ਨਹੀਂ ਹੈ, ਟੋਪੀ ਨਾ ਪਾਓ।

## ਹਰਿਆਣੇ ਦੇ ਮੁੱਖ ਮੰਤਰੀ ਮੁਤਾਬਕ ਕਰਜ਼ਾ ਮੁਆਫੀ ਨਾਲ ਕਿਸਾਨ ਢਿੱਲੜ ਜਿਹੇ ਹੋ ਜਾਣਗੇ

ਚੰਡੀਗੜ੍ਹ, 2 ਮਈ (ਪੋਸਟ ਬਿਊਰੋ)- ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ (65) ਮੁਤਾਬਕ ਕਿਸਾਨਾਂ ਦਾ ਕਰਜ਼ਾ ਮੁਆਫ ਨਾ ਕਰਨ ਦੀ ਭਾਜਪਾ ਦੀ ਨੀਤੀ ਦਾ ਅਸਰ ਲੋਕ ਸਭਾ ਚੋਣਾਂ ਉਤੇ ਨਹੀਂ ਪਏਗਾ। ਉਨ੍ਹਾਂ ਦਾ ਮੰਨਣਾ ਹੈ ਕਿ ਇਨ੍ਹਾਂ ਯੋਜਨਾਵਾਂ ਨਾਲ ਸਖਤ ਮਿਹਨਤ ਕਰਨ ਵਾਲੇ ਲੋਕ ਢਿੱਲੇ ਪੈ ਜਾਣਗੇ।

ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਕਾਂਗਰਸ ਦੀ 'ਨਿਆਏ' ਯੋਜਨਾ ਲਈ ਬਜਟ ਕਿੱਥੋਂ ਆਏਗਾ ਅਤੇ ਜੇ ਇਸ ਨੂੰ ਲਾਗੂ ਕੀਤਾ ਜਾਂਦਾ ਹੈ ਤਾਂ ਹੋਰ ਯੋਜਨਾਵਾਂ ਨੂੰ ਬੰਦ ਕਰਨਾ ਪਏਗਾ। ਇੱਕ ਖਬਰ ਏਜੰਸੀ ਨਾਲ ਇੰਟਰਵਿਊ ਦੌਰਾਨ ਖੱਟਰ ਨੇ ਕਿਹਾ, 'ਕਰਜ਼ਾ ਮੁਆਫ ਨਾ ਕਰਨ ਦੀ ਨੀਤੀ ਦਾ ਨਾਂਹ ਪੱਖੀ ਅਸਰ ਨਹੀਂ ਪਏਗਾ। ਕਿਸਾਨ ਸਿਆਣਾ ਹੋ ਗਿਆ ਹੈ। ਕਰਜ਼ੇ ਮੁਆਫ ਕਰਨ ਨਾਲੋਂ ਅਸੀਂ ਉਨ੍ਹਾਂ ਦਾ ਮੁਨਾਫਾ ਵਧਾਉਣ ਦੇ ਯਤਨ ਕੀਤੇ ਹਨ। ਫਸਲਾਂ ਦਾ ਸਮਰਥਨ ਮੁੱਲ ਵਧੇਰੇ ਤੈਅ ਕੀਤਾ ਗਿਆ ਹੈ। ਅਸੀਂ ਉਨ੍ਹਾਂ ਦੀ ਮਦਦ ਦਾ ਐਲਾਨ ਕੀਤਾ ਹੈ, ਪਰ ਮੁਆਫੀ ਨਹੀਂ ਦਿੱਤੀ। ਕਿਸਾਨ ਸਾਡੇ ਕਦਮਾਂ ਤੋਂ ਖੁਸ਼ ਹੈ। ਉਨ੍ਹਾਂ ਨੂੰ ਪਹਿਲਾਂ ਕਦੇ ਇੰਨਾ ਪੈਸਾ ਨਹੀਂ ਮਿਲਿਆ ਸੀ।' ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਲੋਕਾਂ ਨੂੰ ਕੁਝ ਮੁਫਤ ਮਿਲਦਾ ਹੈ ਤਾਂ ਢਿੱਲੇ ਪੈ ਜਾਂਦੇ ਹਨ। ਉਹ ਇਧਰੋਂ ਉਧਰੋਂ ਕਰਜ਼ੇ ਲੈ ਕੇ ਫਿਰ ਕਸੂਤੇ ਫਸ ਜਾਂਦੇ ਹਨ। ਕਈ ਰਾਜਾਂ ਵਿੱਚ ਹਾਲਾਤ ਮੁਤਾਬਕ ਕਿਸਾਨਾਂ ਦੇ ਕਰਜ਼ੇ ਮੁਆਫ ਕਰਨਾ ਲਾਹੇਵੰਦ ਹੋ ਸਕਦਾ ਹੈ, ਪਰ ਹਰਿਆਣਾ 'ਚ ਇਹ ਸਹੀ ਨਹੀਂ ਹੈ। ਕਾਂਗਰਸ ਦੀ 'ਨਿਆਏ' ਯੋਜਨਾ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਕਾਂਗਰਸ ਕੋਲ ਇਸ ਲਈ ਪੈਸਾ ਕਿੱਥੋਂ ਆਏਗਾ, ਉਸ ਦੀ ਕੋਈ ਜਾਣਕਾਰੀ ਨਹੀਂ ਦਿੱਤੀ। ਉਹ ਇਹ ਵਾਅਦਾ ਤਦੇ ਪੂਰਾ ਕਰ ਸਕਣਗੇ ਜੇ ਸਾਰੀਆਂ ਹੋਰ ਯੋਜਨਾਵਾਂ ਨੂੰ ਬੰਦ ਕਰ ਦਿੱਤਾ ਜਾਵੇ। 'ਨਿਆਏ' ਲਈ ਕੀ ਉਹ ਸਾਰੀਆਂ ਯੋਜਨਾਵਾਂ ਨੂੰ ਬੰਦ ਕਰਨ ਦਾ ਜੇਰਾ ਦਿਖਾ ਸਕਦੇ ਹਨ।

ਖੱਟਰ ਦੇ ਮੁਤਾਬਕ ਦੇਸ਼ 'ਚ ਰਾਸ਼ਟਰਵਾਦ ਦੀ ਬਹਿਸ ਨੂੰ ਹਵਾ ਭਾਜਪਾ ਨੇ ਨਹੀਂ ਦਿੱਤੀ, ਸਗੋਂ ਵਿਰੋਧੀ ਪਾਰਟੀਆਂ ਨੇ ਦਹਿਸ਼ਤਗਰਦਾਂ ਦੀ ਬੋਲੀ ਬੋਲ ਕੇ ਅਤੇ ਪਾਕਿਸਤਾਨ ਦੀ ਹਮਾਇਤ ਕਰਕੇ ਲੋਕਾਂ ਦੇ ਜਜ਼ਬਾਤਾਂ ਨਾਲ ਖੇਡਣ ਦੀ ਕੋਸ਼ਿਸ਼ ਕੀਤੀ ਸੀ ਅਤੇ ਜਦੋਂ ਲੋਕ ਗੰਭੀਰਤਾ ਨਾਲ ਕਿਸੇ ਮੁੱਦੇ ਨੂੰ ਲੈਣ ਤਾਂ ਸਾਨੂੰ ਵੀ ਇਹ ਗੱਲ ਕਰਨੀ ਪਈ, ਕਿਉਂਕਿ ਆਖਰ ਉਹ ਵੋਟਰ ਹਨ। ਕਾਂਗਰਸ ਵੱਲੋਂ ਸਾਰੀਆਂ 10 ਸੀਟਾਂ 'ਤੇ ਸੀਨੀਅਰ ਆਗੂ ਮੈਦਾਨ 'ਚ ਉਤਾਰੇ ਜਾਣ ਬਾਰੇ ਉਨ੍ਹਾਂ ਕਿਹਾ ਕਿ ਲੋਕ ਪਰਵਾਰਵਾਦ ਦੀ ਸਿਆਸਤ ਨੂੰ ਮੁੱਢੋਂ ਉਖਾੜਨ ਦੇ ਰੌਂਅ 'ਚ ਹਨ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

PROPERTIES FOR SALE
5018 Eighth Line (Erin/Georgetown)
Country lot. Detached Bungalow. Close to town. Finished basement. Separate entrance Outbuildings. 3 + 1 bedroom 2 bathrooms
47 Eldomar, Brampton
Detached home. Good area Walking distance to everything Finished Basement.Separate entrance 3 bedrooms 2 bathrooms. Good Parking.
Angela MEYER
Sales Representative
Ipro Realty Ltd. Brokerage
905-691-0672
www.angelameyer.ca
RealEstateToAsk4@gmail.com

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

LIVER CIRRHOSIS, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਸ਼ਰਾਬ ਛਡੱਣ ਦਾ ਸੋਖਾ ਤੇ ਸ਼ਰਤੀਆ ਇਲਾਜ਼
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
Heart Problems, Arteries blockage, ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ। ਜੇਕਰ ਤੁਸੀਂ stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਕਿਡਨੀ ਦੀ ਪਥਰੀ ਤੇ ਪਿਤੇ ਦੀ ਪਥਰੀ 7 ਤੋਂ 15 ਦਿਨਾਂ ਵਿੱਚ ਖਤਮ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, 13 ਤੋਂ 19 ਸਾਲ ਦੇ ਬਚਿਆਂ ਦਾ ਸੁਭਆ ਵਿੱਚ ਤਬਦੀਲੀ ਤੇ ਪੜ੍ਹਾਈ ਵਿੱਚ ਮੰਨ ਨਾ ਲਗਣਾ ਤੇ ਮਾਂ-ਬਾਪ ਨਾਲ ਚੰਗੀ ਤਰ੍ਹਾਂ ਗੱਲ ਨਾ ਕਰਣਾ ਤੇ ਖਾਣਾ ਪੀਣਾ ਬੰਦ ਕਰ ਦੇਣ ਦੇ ਪੱਕੇ ਇਲਾਜ ਲਈ ਸੰਪਰਕ ਕਰੋ।
ਲੇਡੀਜ਼ ਨੂੰ ਮਾਈਗਰੇਨ, ਸਿਰ ਦਰਦ ਤੇ ਜਿੱਦੀ ਛਾਈਆਂ ਵਰਗੀ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ ਤੇ ਆਪਣੇ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ, ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
100% Natural Cure | No Side Effect | ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

# ਪਾਦਰੀ ਮਾਮਲਾ: ਗਾਇਬ ਕੀਤੇ ਕਰੋੜਾਂ ਰੁਪਏ ਪੰਜਾਬ ਪੁਲਿਸ ਦੇ ਅਫਸਰਾਂ ਦੇ ਘਰਾਂ ਉੱਤੇ ਛਾਪੇ ਦੌਰਾਨ ਬਰਾਮਦ



ਪਟਿਆਲਾ, 2 ਮਈ, (ਪੋਸਟ ਬਿਊਰੋ)- ਜਲੰਧਰ ਵਿਚਲੇ ਪਾਦਰੀ ਤੋਂ ਫੜੇ ਗਏ ਕਰੋੜਾਂ ਰੁਪਏ ਖ਼ੁਰਦ ਬੁਰਦ ਕਰਨ ਵਾਲੇ ਦੋ ਥਾਣੇਦਾਰਾਂ ਨੂੰ ਕੇਰਲਾ ਦੀ ਪੁਲਿਸ ਵੱਲੋਂ ਫੜ ਲੈਣ ਪਿੱਛੋਂ ਇਨ੍ਹਾਂ ਦੀਨਿਸ਼ਾਨਦੇਹੀ ਉੱਤੇਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਅਤੇ ਪਟਿਆਲਾ ਪੁਲਿਸ ਨੇ ਅਰਬਨ ਅਸਟੇਟ ਦੀ ਬਲਬੀਰ ਸਿੰਘ ਕਾਲੋਨੀ ਵਿਖੇ ਛਾਪਿਆ ਮਾਰਿਆ ਤਾਂ ਓਥੇ ਤਲਾਸ਼ੀ ਦੌਰਾਨ ਕੁੱਲ 2.38 ਕਰੋੜ ਰੁਪਏ ਮਿਲ ਗਏ। ਇਸੇਤਰ੍ਹਾਂਏਐਸਆਈ ਰਾਜਪ੍ਰੀਤ ਸਿੰਘ ਦੇ ਅੰਕਲ ਨਰਿੰਦਰ ਸਿੰਘ ਦੇ ਮਾਨਸਾ ਵਾਲੇ ਘਰ ਤੋਂ1 ਕਰੋੜ ਰੁਪਏ ਮਿਲੇ ਅਤੇ ਹੈਡ ਕਾਂਸਟੇਬਲ ਅਮਰੀਕ ਸਿੰਘ ਤੋਂ 40 ਲੱਖ ਰੁਪਏ ਮਿਲੇ ਹਨ। ਐਸ ਐਸ ਪੀ ਪਟਿਆਲਾ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਪਾਤੜਾਂ ਦੇ ਸੁਰਿੰਦਰ ਸ਼ਰਮਾ ਤੋਂ 40 ਲੱਖ ਰੁਪਏ ਅਤੇ ਏਐਸਆਈ ਜੋਗਿੰਦਰ ਸਿੰਘ ਦੇ ਸਾਥੀ ਸ਼ੌਕਤ ਅਲੀ ਖ਼ਾਨ ਤੋਂ 20 ਲੱਖ ਰੁਪਏ ਮਿਲੇ ਹਨ। ਪੁਲਿਸ ਨੇ ਤਿੰਨ ਗ੍ਰਿਫਤਾਰੀਆਂ ਵੀ ਇਸ ਕੇਸ ਵਿੱਚ ਕੀਤੀਆਂ ਹਨ ਤੇ ਗ੍ਰਿਫ਼ਤਾਰ ਵਿਅਕਤੀਆਂ ਤੋਂ ਹਾਲੇ ਹੋਰ ਨਕਦੀ ਫੜੇ ਜਾਣ ਦੀ ਸੰਭਾਵਨਾ ਹੈ। ਐਸ ਐਸ ਪੀ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਮੋਹੰਮਦ ਸ਼ਕੀਲ ਦੀ ਗ੍ਰਿਫਤਾਰੀ ਕੀਤੀ ਤੇ ਕੁਝ ਰਿਕਵਰੀ ਵੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜਾਂਚ ਚੱਲ ਰਹੀ ਹੈ ਅਤੇ ਹੋਰ ਖੁਲਾਸਾ ਵੀ ਕੀਤਾ ਜਾਵੇਗਾ। ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਰਾਤ ਤੋਂ ਪਟਿਆਲਾ, ਸਮਾਣਾ ਅਤੇ ਬਠਿੰਡਾ ਵਿੱਚ ਪਟਿਆਲਾ ਪੁਲਿਸ ਅਤੇ ਐਸ ਆਈ ਟੀਵੱਲੋਂਛਾਪੇ ਚੱਲ ਰਹੇ ਸਨ। ਏਐਸਆਈ ਰਾਜਪ੍ਰੀਤ ਦੇ ਚਾਚਾ ਸਹੁਰਾ ਅਮਰਜੀਤ ਸਿੰਘ,ਜਿਹੜਾਸਿਵਲ ਲਾਈਨ ਥਾਣਾ ਪਟਿਆਲਾ ਵਿਖੇ ਹੈੱਡ ਕਾਂਸਟੇਬਲ ਹੈ, ਨੂੰ ਪੁਲਿਸ ਨੇਉਸ ਦੇ ਘਰ ਤੋਂ ਗ੍ਰਿਫ਼ਤਾਰ ਕੀਤਾ ਹੈ। ਏਐਸਆਈ ਜੋਗਿੰਦਰ ਸਿੰਘ ਦੇ ਗੁਆਂਢੀ ਸ਼ਕੀਲ ਅਹਿਮਦ ਨੂੰ ਵੀ ਉਸ ਦੇ ਘਰੋਂ ਫੜਿਆ ਗਿਆ ਹੈ। ਪੁਲਿਸ ਨੇ ਇਨ੍ਹਾਂ ਦੇ ਘਰਾਂ ਵਿਚ ਛਾਪੇ ਦੌਰਾਨ ਦੋਵਾਂ ਦੇ ਘਰਾਂ ਤੋਂ ਲੱਖਾਂ ਦੀ ਰਕਮ ਬਰਾਮਦ ਕੀਤੀ ਹੈ।

### ਸੁਪਰੀਮ ਕੋਰਟ ਨੇ ਕਿਹਾ:

# ਚੋਣ ਜ਼ਾਬਤਾ ਉਲੰਘਣਾ ਕੇਸ ਵਿੱਚ ਚੋਣ ਕਮਿਸ਼ਨ ਮੋਦੀ-ਸ਼ਾਹ ਬਾਰੇ 6 ਮਈ ਤੱਕ ਫੈਸਲਾ ਕਰੇ



ਨਵੀਂ ਦਿੱਲੀ, 2 ਮਈ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਵੱਲੋਂ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਬਾਰੇ ਕਾਂਗਰਸ ਨੇਤਾ ਸੁਸ਼ਮਿਤਾ ਦੇਵ ਦੀ ਪਟੀਸ਼ਨ ਉੱਤੇ ਸੁਪਰੀਮ ਕੋਰਟ ਵਿੱਚ ਸੁਣਵਾਈ ਦੇ ਬਾਅਦ ਕੋਰਟ ਨੇ ਕਹਿ ਦਿੱਤਾ ਹੈ ਕਿ ਚੋਣ ਕਮਿਸ਼ਨ 6 ਮਈ ਤੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਦੇ ਖਿਲਾਫ ਕੇਸਾਂ ਦਾ ਨਿਪਟਾਰਾ ਕਰੇ।

ਵਰਨਣ ਯੋਗ ਹੈ ਕਿ ਸੁਣਵਾਈ ਦੌਰਾਨ ਸੁਸ਼ਮਿਤਾ ਦੇਵ ਵਲੋਂ ਪੇਸ਼ ਹੋਏ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਨੇ ਕਿਹਾ ਸੀ ਕਿ 31 ਦਿਨਾਂ ਵਿੱਚਚੋਣ ਕਮਿਸ਼ਨ ਨੇ ਸਿਰਫ 2 ਕੇਸਾਂ ਦਾ ਨਿਪਟਾਰਾ ਕੀਤਾ ਹੈ। ਇਸ ਰਫਤਾਰ ਨਾਲ 250 ਦਿਨਾਂ ਤੋਂ ਵੱਧ ਸਮਾਂ ਲੱਗੇਗਾ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਨੇ ਜਿਹੜੇ ਕੇਸਾਂ ਦਾ ਨਿਪਟਾਰਾ ਕੀਤਾ ਹੈ, ਉਨ੍ਹਾਂ ਦਾ ਕਾਰਨ ਵੀ ਸਹੀ ਨਹੀਂ ਦੱਸਿਆ। ਉਨ੍ਹਾਂ ਨੇ ਅੱਗੇ ਕਿਹਾ ਕਿ 40 ਸ਼ਿਕਾਇਤਾਂ ਕੀਤੀਆਂ ਸਨ, 20 ਦੇ ਆਰਡਰ ਪਾਸ ਹੋਏ, ਜਿਹੜੇ ਦੂਜੇ ਲੋਕਾਂ ਦੇ ਵਿਰੁੱਧ ਸਨ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਿਤ ਸ਼ਾਹਵਿਰੁੱਧ ਕੋਈ ਕਾਰਵਾਈ ਨਹੀਂ ਹੋਈ। ਇਸ ਪਿੱਛੋਂ6 ਮਈ ਨੂੰ 462 ਸੀਟਾਂ ਲਈ ਚੋਣਾਂ ਹੋ ਚੁਕੀਆਂ ਹੋਣਗੀਆਂ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਨੇ ਮੰਗਲਵਾਰ ਅਤੇ ਬੁੱਧਵਾਰ ਨੂੰ ਆਦੇਸ਼ ਦਿੱਤਾ ਸੀ, ਪਰ ਸਾਨੂੰ ਚੋਣ ਕਮਿਸ਼ਨ ਤੋਂ ਆਦੇਸ਼ ਨਹੀਂ ਮਿਲਿਆ, ਮੀਡੀਆ ਤੋਂ ਮਿਲਿਆ ਹੈ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਸੁਪਰੀਮ ਕੋਰਟ ਨੇ ਸੁਸ਼ਮਿਤਾ ਦੇਵ ਦੀ ਪਟੀਸ਼ਨ ਉੱਤੇ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ ਕੀਤਾ ਅਤੇ ਕਿਹਾ ਸੀ ਕਿ ਚੋਣ ਕਮਿਸ਼ਨ ਦਾ ਫੈਸਲਾ ਸਾਹ-ਮਣੇ ਆਉਣ ਦੇਣ। ਚੋਣ ਕਮਿਸ਼ਨ ਨੇ ਸੁਪਰੀਮ ਕੋਰਟ ਨੂੰ ਕਿਹਾ ਸੀ ਕਿ ਇਸ ਮਸਲੇ ਉੱਤੇਅੱਜ ਉਨ੍ਹਾਂ ਦੀ ਬੈਠਕ ਹੋ ਰਹੀ ਹੈ, ਉਹ ਜਲਦੀ ਹੀ ਕੋਈ ਐਕਸ਼ਨ ਲੈਣਗੇ।

## ਮਿਰਚ ਪਾਊਡਰ ਸੁੱਟ ਕੇ ਬਿਜਲੀ ਮੁਲਾਜ਼ਮ ਤੋਂ ਦੋ ਲੱਖ ਰੁਪਏ ਤੇ ਚੈੱਕ ਲੁੱਟੇ

ਭੋਗਪੁਰ, 2 ਮਈ (ਪੋਸਟ ਬਿਊਰੋ)- ਵਾਰਡ ਨੰਬਰ ਅੱਠ ਵਿਚ ਅਣਪਛਾਤੇ ਲੁਟੇਰੇ ਬਿਜਲੀ ਵਿਭਾਗ ਦੇ ਸਟਾਫ ਤੋਂ ਕੈਸ਼ ਲੁੱਟ ਕੇ ਲੈ ਗਏ, ਜਦੋਂ ਕੈਸ਼ੀਅਰ ਅਮਰੀਕ ਸਿੰਘ ਅਤੇ ਲਾਈਨਮੈਨ ਨਰਿੰ-ਦਰ ਸਿੰਘ ਆਪਣੇ ਦਫਤਰ ਵਿੱਚ ਆਇਆ ਕੈਸ਼ ਬੈਂਕ ਵਿਚ ਜਮ੍ਹਾ ਕਰਾਉਣ ਦੇ ਲਈ ਜਾ ਰਹੇ ਸਨ।

ਮਿਲੀ ਜਾਣਕਾਰੀ ਅਨੁਸਾਰ ਅਜੇ ਉਹ ਦਫਤਰ ਤੋਂ ਨਿਕਲੇ ਹੀ ਸਨ ਕਿ ਸਾਹਮਣੇ ਮੋਟਰ ਸਾਈਕਲ 'ਤੇ ਸਵਾਰ ਦੋ ਨੌਜਵਾਨਾਂ ਨੇ ਉਨ੍ਹਾਂ ਦੀਆਂ ਅੱਖਾਂ ਵਿੱਚ ਲਾਲ ਮਿਰਚ ਪਾਊਡਰ ਸੁੱਟ ਦਿੱਤਾ ਤੇ ਉਥੇ ਪਹਿਲਾਂ ਤੋਂ ਖੜ੍ਹੇ ਦੋ ਨੌਜਵਾਨਾਂ ਨੇ ਉਨ੍ਹਾਂ ਨੂੰ ਡੰਡਿਆਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ ਅਤੇ ਉਨ੍ਹਾਂ ਤੋਂ ਦੋ ਲੱਖ ਛੇ ਹਜ਼ਾਰ ਰੁਪਏ ਦੀ ਨਕਦੀ ਅਤੇ ਚੈੱਕ ਖੋਹ ਕੇ ਫਰਾਰ ਹੋ ਗਏ। ਇਸ ਦੇ ਬਾਅਦ ਕਈ ਲੋਕਾਂ ਨੇ ਉਨ੍ਹਾਂ ਦਾ ਪਿਛਾ ਵੀ ਕੀਤਾ, ਪਰ ਲੁਟੇਰੇ ਭੱਜਣ ਵਿਚ ਸਫਲ ਹੋ ਗਏ। ਬਾਅਦ ਵਿੱਚ ਓਥੇ ਆਏ ਥਾਣਾ ਇੰਚਾਰਜ ਨੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਆਪ ਉਮੀਦਵਾਰ ਨਰਿੰਦਰ ਸ਼ੇਰਗਿੱਲ ਨੂੰ ਕੋਰਟ ਤੋਂ ਰਾਹਤ ਮਿਲੀ

*** ਹਾਈ ਕੋਰਟ ਨੇ ਕਿਹਾ: ਲੋਕ ਸਭਾ ਚੋਣ ਲੜ ਸਕਦੇ ਹਨ ਸ਼ੇਰਗਿਲ**

ਰੂਪਨਗਰ, 2 ਮਈ, (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਅੱਜ ਸ਼ਾਮ ਲੋਕ ਸਭਾ ਹਲਕਾ ਅਨੰਦੁਪਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਨਰਿੰਦਰ ਸਿੰਘ ਸ਼ੇਰਗਿੱਲ ਦੇ ਹੱਕ ਵਿਚ ਚੋਣ ਲੜਨ ਦਾ ਫੈਸਲਾਦਿੱਤਾ ਹੈ। ਇਸ ਨਾਲ ਨਰਿੰਦਰ ਸਿੰਘ ਸ਼ੇਰਗਿੱਲ ਨੂੰ ਕਾਫੀ ਵੱਡੀ ਰਾਹਤ ਮਿਲੀ ਹੈ।

ਵਰਨਣ ਯੋਗ ਹੈ ਕਿ ਨਰਿੰਦਰ ਸਿੰਘ ਸ਼ੇਰਗਿੱਲ ਨੇ ਦੋ ਸਾਲ ਪਹਿਲਾਂ ਵਿਧਾਨ ਸਭਾ ਚੋਣਾਂ ਵਿਚ ਮੋਹਾਲੀ ਹਲਕੇ ਤੋਂ ਆਮ ਆਦਮੀ ਪਾਰਟੀ ਵਲੋਂ ਚੋਣ ਲੜੀ ਸੀ, ਪਰ ਚੋਣ ਖਰਚੇ ਦੀ ਰਿਪੋਰਟ ਚੋਣ ਕਮਿਸ਼ਨ ਕੋਲ ਜਮ੍ਹਾਂ ਨਹੀਂ ਕਰਵਾਈ ਸੀ। ਇਸ ਕਰਕੇ ਇਸ ਵਾਰੀ ਲੋਕ ਸਭਾ ਚੋਣ ਲਈ ਉਨ੍ਹਾਂ ਦੇ ਕਾਗਜ਼ ਰੱਦ ਕਰ ਦਿੱਤੇ ਗਏ ਸਨ। ਸ਼ੇਰਗਿੱਲ ਦਾ ਕਹਿਣਾ ਸੀ ਕਿ ਉਸਨੇ ਆਪਣੇ ਚੋਣ ਖਰਚ ਦੀ ਰਿਪੋਰਟ ਸਮੇਂ ਸਿਰ ਜਮ੍ਹਾਂ ਕਰਵਾਈ ਸੀ। ਲੋਕ ਸਭਾ ਲਈ ਕਾਗਜ਼ ਰੱਦ ਹੋਣ ਪਿੱਛੋਂ ਉਨ੍ਹਾਂ ਨੇ 30 ਅਪ੍ਰੈਲ ਨੂੰ ਸਟੇਅ ਲੈਣ ਲਈਪੰਜਾਬ ਹਰਿਆਣਾ ਹਾਈ ਕੋਰਟ ਨੂੰ ਅਰਜ਼ੀ ਦਿੱਤੀ ਸੀ। ਅੱਜ ਸੁਣਵਾਈ ਕਰਦੇ ਹੋਏ ਹਾਈ ਕੋਰਟ ਨੇ ਸ਼ੇਰਗਿੱਲ ਨੂੰ ਇਸ ਕੇਸ ਵਿੱਚ ਰਾਹਤ ਦੇ ਦਿੱਤੀ ਅਤੇ ਚੋਣ ਲੜਨ ਦਾ ਹੱਕ ਦੇ ਦਿੱਤਾ ਹੈ।

ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੂੰ ਅੱਜ ਓਦੋਂ ਵੱਡਾ ਝਟਕਾ ਲੱਗਾ ਸੀ, ਜਦੋਂ ਚੋਣ ਕਮਿਸ਼ਨ ਨੇ ਲੋਕ ਸਭਾ ਹਲਕਾ ਆਨੰਦਪੁਰ ਸਾਹਿਬ ਤੋਂਇਸ ਪਾਰਟੀ ਦੇ ਉਮੀਦਵਾਰ ਨਰਿੰਦਰ ਸਿੰਘ ਸ਼ੇਰਗਿੱਲ ਨੂੰ ਚੋਣ ਮੈਦਾਨ ਤੋਂ ਬਾਹਰ ਕਰ ਦਿੱਤਾ ਸੀ ਕਿ ਉਹ ਚੋਣ ਨਹੀਂ ਲੜ ਸਕਦੇ। ਨਰਿੰਦਰ ਸਿੰਘ ਸ਼ੇਰਗਿੱਲ ਨੇ ਆਪਣੇ ਵਕੀਲ ਰਾਹੀਂ ਪੰਜਾਬ ਹਰਿਆਣਾ ਹਾਈਕੋਰਟਨੂੰ ਗੁਹਾਰ ਲਾਈ ਸੀ, ਪਰ ਓਦੋਂ ਉਨ੍ਹਾਂ ਨੂੰ ਕੋਈ ਰਾਹਤ ਨਹੀਂ ਸੀ ਮਿਲੀ। ਇਸ ਦੇ ਬਾਅਦਆਮ ਆਦਮੀ ਪਾਰਟੀ ਦੇ ਰੂਪਨਗਰ ਦੇ ਵਿਧਾਇਕ ਅਮਰਜੀਤ ਸਿੰਘ ਸੰਦੋਆ, ਜੈ ਕਿਸ਼ਨ ਸਿੰਘ ਰੋੜੀ ਵਿਧਾਇਕ ਗੜ੍ਹਸ਼ੰਕਰ ਅਤੇ ਸ਼ੇਰਗਿੱਲ ਦੇ ਵਕੀਲਾਂ ਦਾ ਵਫਦ ਚੋਣ ਅਧਿਕਾਰੀ ਨੂੰ ਮਿਲਿਆ ਅਤੇ ਕੁਝ ਦਸਤਾਵੇਜ ਪੇਸ਼ ਕੀਤੇ, ਪਰ ਜ਼ਿਲਾ ਚੋਣ ਅਧਿਕਾਰੀ ਸਹਿਮਤ ਨਹੀਂ ਸਨ ਹੋਏ। ਚੋਣ ਅਧਿਕਾਰੀ ਰੂਪਨਗਰ ਨੇ ਚੋਣ ਕਮਿਸ਼ਨ ਦੇ ਨਿਯਮਾਂ ਅਨੁਸਾਰ ਯੋਗ ਉਮੀਦਵਾਰਾਂ ਦੀ ਸੂਚੀ ਜਾਰੀ ਕਰ ਦਿੱਤੀ, ਜਿਸ ਵਿੱਚ ਨਰਿੰਦਰ ਸਿੰਘ ਸ਼ੇਰਗਿੱਲ ਦਾ ਨਾਂ ਸ਼ਾਮਲ ਨਹੀਂ ਸੀ।ਡਿਪਟੀ ਕਮਿਸ਼ਨਰ ਡਾਕਟਰ ਸੁਮੀਤ ਕੁਮਾਰ ਜਾਰੰਗਲ ਵੱਲੋਂ ਜਾਰੀ ਕੀਤੀ ਸੂਚੀ ਅਨੁਸਾਰ ਇਸ ਹਲਕੇ ਤੋਂਕੁੱਲ 26 ਉਮੀਦਵਾਰ ਚੋਣ ਲੜਨ ਯੋਗ ਦੱਸੇ ਗਏ, ਜਿਨ੍ਹਾਂ ਵਿੱਚ ਬਹੁਜਨ ਸਮਾਜ ਪਾਰਟੀ ਦੇ ਸੋਢੀ ਵਿਕਰਮ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ, ਆਮ ਆਦਮੀ ਪਾਰਟੀ ਦੇ ਭਜਨ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ ਦੇ ਮਨੀਸ਼ ਤਿਵਾੜੀ, ਸੀ ਪੀ ਆਈ (ਐਮ) ਦੇ ਰਘੂਨਾਥ ਸਿੰਘ, ਸ਼ਿਵ ਸੈਨਾ ਪਾਰਟੀ ਦੇ ਫਕੀਰ ਚੰਦ, ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਬੀਰਦਵਿੰਦਰ ਸਿੰਘ ਤੇ ਕੁਝ ਹੋਰ ਲੋਕ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਦੋ ਉਮੀਦਵਾਰਾਂਨੇ ਨਾਮਜ਼ਦਗੀ ਪੱਤਰ ਵਾਪਸ ਲੈ ਲਏ ਤੇ ਬਾਕੀ ਉਮੀਦਵਾਰਾਂ ਦੇ ਪੱਤਰ ਜਾਂਚ ਦੌਰਾਨ ਰੱਦ ਕਰ ਦਿੱਤੇ ਗਏ ਸਨ ਅਤੇ ਇਸ ਹਲਕੇ ਵਿੱਚ ਵੋਟਿੰਗ 19 ਮਈ ਨੂੰ ਹੋਵੇਗੀ। ਹਾਈ ਕੋਰਟ ਦਾ ਹੁਕਮ ਮਿਲਣ ਤੋਂ ਬਾਅਦ ਨਰਿੰਦਰ ਸਿੰਘ ਸ਼ੇਰਗਿਲ ਚੋਣ ਲੜਨ ਦੇ ਯੋਗ ਹੋ ਗਏ ਹਨ ਤੇ ਅੱਗੋਂ ਇਸ ਦੀ ਚੋਣ ਮੁਹਿੰਮ ਚਲਾ ਕੇ ਆਪਣੀ ਕਿਸਮਤ ਅਜ਼ਮਾ ਸਕਦੇ ਹਨ।

# ਸਾਧਵੀ ਪ੍ਰਗਿਆ ਨੇ ਬਿਨਾਂ ਸ਼ਰਤ ਮਾਫ਼ੀ ਮੰਗੀ ਤੇ ਪਾਬੰਦੀ ਹਟਾਉਣ ਦੀ ਅਰਜ਼ੀ ਪਾਈ



ਭੋਪਾਲ, 2 ਮਈ, (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਤੋਂ ਭਾਜਪਾ ਉਮੀਦਵਾਰ ਪ੍ਰਗਿਆ ਸਿੰਘ ਠਾਕੁਰ ਆਪਣੇ ਵਿਵਾਦਤ ਬਿਆਨਾਂ ਕਾਰਨ ਚੋਣ ਪ੍ਰਚਾਰ ਕਰਨ ਉੱਤੇਚੋਣ ਕਮਿਸ਼ਨ ਵੱਲੋਂ ਤਿੰਨ ਦਿਨਾਂ ਦੀ ਪਾਬੰਦੀ ਲੱਗਣ ਪਿੱਛੋਂ ਮੰਦਰਾਂ ਦੀ ਯਾਤਰਾ ਕਰ ਰਹੀ ਹੈ। ਇਸੇ ਦੌਰਾਨ ਉਨ੍ਹਾਂ ਨੇ ਚੋਣ ਕਮਿਸ਼ਨ ਨੂੰ ਅਰਜ਼ੀ ਭੇਜ ਕੇ ਕਿਹਾ ਹੈ ਕਿ ਅੱਗੇ ਤੋਂ ਕੋਈ ਟਿੱਪਣੀ ਨਹੀਂ ਕਰੇਗੀ ਅਤੇ ਚੋਣ ਜ਼ਾਬਤੇ ਦੀ ਕੋਈ ਉਲੰਘਣਾ ਨਹੀਂ ਹੋਵੇਗੀ। ਇਸ ਦੇ ਨਾਲ ਉਨ੍ਹਾਂ ਨੇ ਪਾਬੰਦੀ ਦੀ ਮਿਆਦ 72 ਘੰਟੇ ਦੀ ਥਾਂ 12 ਘੰਟੇ ਕਰਨ ਦੀ ਵੀ ਮੰਗ ਕੀਤੀ ਹੈ।

ਅਸਲ ਵਿੱਚ ਤਿੰਨ ਦਿਨ ਪ੍ਰਚਾਰ ਨਾ ਕਰਨ ਦੀ ਪਾਬੰਦੀ ਲੱਗਣ ਨਾਲ ਪ੍ਰਗਿਆ ਸਿੰਘ ਠਾਕੁਰ ਸਮੇਤ ਭਾਜਪਾ ਲਈ ਵੀ ਪਰੇਸ਼ਾਨੀ ਹੋ ਗਈ ਹੈ। ਇਸ ਨਾਲ ਪ੍ਰਗਿਆ ਠਾਕੁਰ ਨੇ ਚੋਣ ਕਮਿਸ਼ਨ ਨੂੰ ਪਾਬੰਦੀ ਹਟਾਉਣ ਦੀ ਅਪੀਲ ਕੀਤੀ ਤੇ ਚੋਣ ਕਮਿਸ਼ਨ ਨੂੰ ਭੇਜੀ ਅਰਜ਼ੀ ਵਿੱਚ ਕਿਹਾ ਹੈ ਕਿ ਮੈਂ ਹੇਮੰਤ ਕਰਕਰੇਬਾਰੇ ਦਿੱਤੇਬਿਆਨ ਲਈ ਮਾਫ਼ੀ ਮੰਗ ਚੁੱਕੀ ਹਾਂ ਅਤੇ ਬਾਬਰੀ ਮਸਜਿਦਬਾਰੇ ਦਿੱਤੇ ਗਏ ਬਿਆਨ ਨਾਲ ਭੋਪਾਲ ਵਿੱਚ ਕੋਈ ਸ਼ਾਂਤੀ ਭੰਗ ਨਹੀਂ ਹੋਈ।ਉਨ੍ਹਾਂ ਕਿਹਾ ਕਿ ਮੇਰੇ ਮਾਫ਼ੀ ਮੰਗਣ ਦੇ ਬਾਵਜੂਦ ਜ਼ਿਲ੍ਹਾ ਚੋਣ ਅਧਿਕਾਰੀ ਨੇ ਇਸ ਨੂੰ ਨਜ਼ਰ ਅੰਦਾਜ਼ ਕਰ ਕੇ ਮੇਰੇ ਖ਼ਿਲਾਫ਼ ਰਿਪੋਰਟ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਮੈਂ ਸਿਆਸਤ ਵਿੱਚਨਵੀਂ ਆਈ ਹਾਂ, ਮੈਨੂੰ ਸਖ਼ਤ ਸਜ਼ਾਦਿੱਤੀ ਗਈ ਹੈ, ਇਸ ਕਾਰਨ ਮੇਰੀ ਚੋਣ ਪ੍ਰਭਾਵਤ ਹੋ ਰਹੀ ਹੈ। ਸਾਧਵੀ ਪ੍ਰਗਿਆ ਨੇ ਕਿਹਾ ਕਿ 22 ਅਪ੍ਰੈਲ ਨੂੰ ਨਾਮਜ਼ਦਗੀ ਦਾਖ਼ਲ ਕੀਤੀ ਤੇ ਇਸ ਤੋਂ ਬਾਅਦ ਮੈਨੂੰ ਦੋ ਤੋਂ ਤਿੰਨ ਦਿਨ ਤਿਆਰੀ ਵਿੱਚ ਲੱਗ ਗਏ ਸਨ। ਇਸ ਹਾਲਤ ਵਿੱਚ ਚੋਣ ਕਮਿਸ਼ਨ ਪਾਬੰਦੀ ਖ਼ਤਮ ਨਹੀਂ ਕਰਦਾ ਤਾਂ ਉਸ ਪਾਬੰਦੀ ਦੀ ਮਿਆਦ ਬਹੱਤਰ ਘੰਟੇ ਦੀ ਥਾਂਬਾਰਾਂ ਘੰਟੇ ਹੀ ਕਰ ਦੇਵੇ।

ਇਸ ਦੌਰਾਨ ਵੀਰਵਾਰ ਨੂੰ ਪਾਬੰਦੀ ਤੋਂਸ਼ੁਰੂ ਹੋਣ ਤੋਂ ਪਹਿਲਾਂ ਪ੍ਰਗਿਆ ਸਵੇਰੇ ਮੰਦਰ ਵਿੱਚ ਦੇਵੀ ਦੇ ਦਰਸ਼ਨ ਲਈ ਆਪਣੇ ਸਮਰਥਕਾਂ ਨਾਲ ਪਹੁੰਚ ਗਈ। ਪਾਬੰਦੀ ਦੌਰਾਨ ਕੋਈ ਸਿਆਸੀ ਗੱਲ ਨਾ ਹੋਵੇ, ਇਸ ਲਈ ਪ੍ਰਗਿਆ ਨੇ ਮੌਨ ਧਾਰਨ ਕਰ ਲਿਆ। ਵੀਰਵਾਰ ਸਵੇਰੇ ਆਪਣੇ ਘਰ ਭਾਜਪਾ ਵਰਕਰਾਂ ਨਾਲ ਮੁਲਾਕਾਤ ਤੋਂ ਬਾਅਦ ਉਸ ਨੇ ਇਨ੍ਹਾਂ ਸਮਰਥਕਾਂ ਨਾਲ ਰਿਵੇਰਾ ਟਾਊਨ ਵਾਲੇ ਹਨੂਮਾਨ ਮੰਦਰਦੇ ਦਰਸ਼ਨ ਕੀਤੇ ਅਤੇ ਫਿਰ ਪੀਰ ਗੇਟ ਵਿਖੇ ਮਾਤਾ ਦੇ ਮੰਦਰ ਪੁੱਜੀ ਅਤੇ ਆਰਤੀ ਵਿੱਚ ਸ਼ਾਮਲ ਹੋਈ। ਇਸ ਤੋਂ ਬਾਅਦ ਇਸੇ ਮੰਦਰ ਵਿੱਚ ਭਜਨ ਮੰਡਲੀ ਨਾਲ ਬੈਠ ਕੇ ਕੀਰਤਨ ਕੀਤਾ। ਮੰਦਰ ਤੋਂ ਸਾਧਵੀ ਲਾਲਘਾਟੀ ਵਾਲੇ ਗੁਫ਼ਾ ਮੰਦਰ ਪੁੱਜੀ ਤੇ ਦਰਸ਼ਨਾਂਤੋਂ ਬਾਅਦ ਉਨ੍ਹਾਂ ਨੇ ਗਊਸ਼ਾਲਾ ਵਿੱਚ ਗਊਆਂ ਨੂੰ ਪੱਠੇ ਪਾਏ। ਵਰਨਣ ਯੋਗ ਹੈ ਕਿ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਉੱਤੇ ਜਦੋਂ ਏਦਾਂ ਦੀ ਪਾਬੰਦੀ ਲਾਈ ਗਈ ਸੀ ਤਾਂ ਉਨ੍ਹਾਂ ਨੇ ਵੀ ਪਾਬੰਦੀ ਦੌਰਾਨ ਮੰਦਰਾਂ ਵਿੱਚ ਪੂਜਾ-ਅਰਚਨਾ ਹੀ ਕੀਤੀ ਸੀ।

# ਅੰਤਿਮ ਸਸਕਾਰ ਤੋਂ ਬਾਅਦ 'ਮ੍ਰਿਤਕਾ' ਥਾਣੇ ਜਾ ਪਹੁੰਚੀ

ਪੰਚਕੂਲਾ, 2 ਮਈ, (ਪੋਸਟ ਬਿਊਰੋ)- ਜਿਸ ਲੜਕੀ ਨੂੰ ਮ੍ਰਿਤਕ ਮੰਨ ਕੇ ਅੰਤਿਮ ਸਸਕਾਰ ਕਰ ਦਿੱਤਾ ਗਿਆ, ਉਹ ਚਾਰ ਘੰਟਿਆਂ ਬਾਅਦ ਥਾਣੇ ਵਿੱਚਪਹੁੰਚ ਗਈ ਤਾਂ ਇਸ ਨਾਲ ਇੱਕ ਨਵਾਂ ਵਿਵਾਦ ਖੜਾ ਹੋ ਗਿਆ ਹੈ।

ਅਸਲ ਵਿੱਚ ਏਥੇ ਮਾਤਾ ਮਨਸਾ ਦੇਵੀ ਮੰਦਰ ਕੰਪਲੈਕਸ ਵਿੱਚ ਇਕ ਲੜਕੀ ਦੀ ਅੱਧ ਸੜੀ ਲਾਸ਼ ਮਿਲੀ ਤੇ ਇੱਕ ਵਿਅਕਤੀ ਨੇ ਉਸ ਦੀ ਪਛਾਣ ਆਪਣੀ ਧੀ ਦੇ ਰੂਪ ਵਿੱਚ ਕੀਤੀ ਸੀ। ਚੰਡੀਗੜ੍ਹ ਦੀ ਇੰਦਰਾ ਕਾਲੋਨੀ ਦੇ ਇਕ ਵਿਅਕਤੀ ਨੇ ਉਸ ਨੂੰ ਆਪਣੀ ਬੇਟੀ ਦੱਸਿਆ ਅਤੇ ਪੁਲਿਸ ਨੇ ਕਾਨੂੰਨੀ ਕਾਰਵਾਈ ਪੂਰੀ ਕਰਨ ਪਿੱਛੋਂ ਲਾਸ਼ ਉਸ ਨੂੰ ਸੌਂਪ ਦਿੱਤੀ ਅਤੇ ਪਰਿਵਾਰ ਨੇ ਲਾਸ਼ ਦਾ ਅੰਤਿਮ ਸਸਕਾਰ ਕਰ ਦਿੱਤਾ ਸੀ। ਇਹ ਕਤਲ ਦਾ ਕੇਸ ਜਾਪਦਾ ਸੀ ਅਤੇ ਪੁਲਿਸ ਇਸ ਕਤਲ ਦੀ ਗੁੱਥੀ ਸੁਲਝਾਉਣ ਲੱਗੀ ਹੋਈ ਸੀ ਕਿ ਲਾਸ਼ ਨੂੰ ਜਿਸ ਲੜਕੀ ਦੀ ਸਮਝ ਕੇ ਸਸਕਾਰ ਕੀਤਾ ਸੀ, ਉਹ ਚਾਰ ਘੰਟੇ ਬਾਅਦ ਹੀ ਥਾਣੇ ਆ ਗਈ। ਇਸ ਪਿੱਛੋਂਉਸ ਕੁੜੀਨੇ ਦੱਸਿਆ ਕਿ ਉਸ ਦੇ ਮਾਪੇ ਉਸ ਦੀ ਮਰਜ਼ੀ ਦੇ ਖਿਲਾਫ਼ ਉਸ ਦੀ ਸ਼ਾਦੀ ਕਰਨਾ ਚਾਹੁੰਦੇ ਸਨ ਤੇ ਸ਼ਾਦੀ ਤੈਅ ਕਰ ਦਿੱਤੀ ਸੀ, ਪਰ ਉਹ ਅਜੇ ਸ਼ਾਦੀ ਨਹੀਂ ਕਰਨਾ ਚਾਹੁੰਦੀ ਸੀ, ਇਸ ਲਈ ਘਰ ਤੋਂ ਚਲੀ ਗਈ ਸੀ, ਉਸ ਨੂੰ ਕੋਈ ਜਬਰੀ ਨਹੀਂ ਲੈ ਕੇ ਗਿਆ।

ਪਤਾ ਲੱਗਾ ਹੈ ਕਿ ਚੰਡੀਗੜ੍ਹ ਪੁਲਿਸ ਕੋਲ ਪੁਖ਼ਤਾ ਸੂਚਨਾ ਸੀ ਕਿ ਲੱਲਨ ਦੀ ਬੇਟੀ ਠੀਕ-ਠਾਕ ਹੈ, ਪਰ ਪੰਚਕੂਲਾ ਪੁਲਿਸ ਨੇ ਇਸ ਬਾਰੇ ਲੱਲਨ ਦੀ ਗੱਲ ਦਾ ਯਕੀਨ ਕਰਦੇ ਉਸ ਦੇ ਬਿਆਨ ਉੱਤੇ ਲਾਸ਼ ਦਾ ਪੋਸਟਮਾਰਟਮ ਕਰਵਾ ਲਿਆ ਤੇ ਸਸਕਾਰ ਕਰਵਾ ਦਿੱਤਾ ਸੀ।ਆਈਟੀ ਪਾਰਕ ਥਾਣਾ ਇੰਚਾਰਜ ਲਖਵਿੰਦਰ ਸਿੰਘ ਨੇ ਦੱਸਿਆ ਕਿ ਉਸ ਵਿਅਕਤੀ ਦੀ ਨਾਬਾਲਗ ਧੀ ਦੀ ਗੁਮਸ਼ੁਦਗੀ ਦੀ ਰਿਪੋਰਟ 29 ਅਪ੍ਰੈਲ ਨੂੰ ਦਰਜ ਕੀਤੀ ਗਈ ਸੀ। ਮੰਗਲਵਾਰ ਰਾਤ ਨੂੰ ਉਹ ਥਾਣੇਆਈ ਤੇ ਦੱਸਿਆ ਕਿ ਅੱਜ ਅਖ਼ਬਾਰ ਵਿੱਚ ਪੜ੍ਹ ਕੇ ਪਤਾ ਲੱਗਾ ਹੈ ਕਿ ਉਸ ਦੇ ਪਿਤਾ ਨੇ ਦਾਅਵਾ ਕੀਤਾ ਹੈ ਕਿ ਜਿਸ ਲੜਕੀ ਦੀ ਲਾਸ਼ ਮਿਲੀ ਹੈ, ਉਹ ਉਨ੍ਹਾਂ ਦੀ ਧੀ ਹੈ। ਖ਼ਬਰ ਪੜ੍ਹ ਕੇ ਉਹ ਵਾਪਸ ਆਈ ਹੈ। ਪੁਲਿਸ ਨੇ ਲੜਕੀ ਦਾ ਮੈਡੀਕਲ ਕਰਾਇਆ ਅਤੇ ਮੈਜਿਸਟਰੇਟ ਦੇ ਸਾਹਮਣੇ ਪੇਸ਼ ਕਰਕੇ ਉਸ ਦੇ ਬਿਆਨ ਦਰਜ ਕਰਵਾਏ ਹਨ।

ਇੰਦਰਾ ਕਾਲੋਨੀ ਦੇ ਵਿਅਕਤੀ ਨੇ ਪੁਲਿਸ ਨੂੰ ਦੱਸਿਆ ਕਿ ਪੰਚਕੂਲਾ ਦੇ ਥਾਣਾ ਮੁਖੀ ਨੇ ਉਸ ਨੂੰ ਲੜਕੀ ਦੀ ਅੱਧ ਸੜੀ ਲਾਸ਼ ਦੇ ਫੋਟੋ ਦਿਖਾਏ ਸਨ, ਉਸ ਦੇ ਨੱਕ, ਕੰਨ ਮੇਰੀ ਧੀ ਵਾਂਗ ਸੀ ਤਾਂ ਮੈਂ ਆਪਣੀ ਬੇਟੀ ਵਜੋਂ ਪਛਾਣ ਕਰ ਲਈ। ਉਸ ਨੇ ਇਕ ਨੌਜਵਾਨਬਾਰੇ ਕਿਹਾ ਕਿ ਉਹ ਉਸ ਦੀ ਬੇਟੀ ਦਾ ਪਿੱਛਾ ਕਰਦਾ ਸੀ। ਅਸੀਂ ਸੋਚਿਆ ਸੀਕਿ ਦੋ ਤਿੰਨ ਸਾਲ ਵਿੱਚ ਉਸ ਦੀ ਸ਼ਾਦੀ ਕਰ ਦਿਆਂਗੇ, ਪਰ ਨੌਜਵਾਨ ਇਹ ਧਮਕੀ ਦਿੰਦਾ ਸੀ ਕਿ ਜੇ ਉਸ ਦੀ ਸ਼ਾਦੀ ਕਿਤੇ ਹੋਰ ਕਰਨ ਬਾਰੇ ਸੋਚਣਗੇ ਤਾਂ ਉਸ ਨੂੰ ਮਾਰ ਦਿਆਂਗਾ। ਉਹ ਇਕ ਵਾਰ ਪਹਿਲਾਂ ਵੀ ਉਸ ਦੀ ਬੇਟੀ ਨੂੰ ਜਬਰੀ ਲੈ ਗਿਆ ਸੀ, ਪਰ ਪੁਲਿਸ ਦੀ ਸਖ਼ਤੀ ਪਿੱਛੋਂ ਛੱਡ ਗਿਆ ਸੀ। 23 ਮਾਰਚ ਉਹ ਸਵੇਰੇ ਸਕੂਲ ਗਈ, ਪਰ ਵਾਪਸ ਨਹੀਂ ਆਈ। ਜਦੋਂ ਸੰਸਕਾਰ ਹੋ ਚੁੱਕਾ ਤਾਂ ਧੀ ਦੇ ਵਾਪਸ ਆਉਣ ਉੱਤੇ ਉਸ ਨੇ ਕਿਹਾ ਕਿ ਮੈਨੂੰ ਜੋ ਲੱਗਾ, ਉਹ ਮੈਂ ਪੁਲਿਸ ਨੂੰ ਦੱਸਿਆ। ਅੱਗੋਂ ਕੁੜੀ ਵਾਪਸ ਆ ਗਈ ਹੈ।ਲੜਕੀ ਦੀ ਮਾਂ ਨੇ ਦੱਸਿਆ ਕਿ ਉਸ ਦੀ ਬੇਟੀ ਨਾਲ ਆਖ਼ਰੀ ਵਾਰ 23 ਅਪ੍ਰੈਲ ਨੂੰ ਗੱਲ ਹੋਈ ਸੀ। ਆਈਟੀ ਪਾਰਕ ਪੁਲਿਸ ਕੋਲ ਉਹ ਕਈ ਵਾਰ ਸ਼ਿਕਾਇਤ ਲੈ ਕੇ ਗਏ, ਪਰ ਪੁਲਿਸ ਵਾਲੇ ਡਰਾ ਕੇ ਭਜਾ ਦਿੰਦੇ ਸਨ ਅਤੇ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੰਦੇ ਸਨ। ਇਸ ਦੇ ਬਾਅਦ ਪੁਲਸ ਜਾਂਚ ਕਰ ਰਹੀ ਹੈ।








**Paramjit Deol** Broker **CELL: 416-993-7378**
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

**Your neighborhood broker, Call Paramjit Deol Today**

TORONTO $6.99/Sq Ft — 22 Arrow Rd 1: Rear Freestanding Building, Approx. 7,000 Sq Ft, Zoning Allows For Industrial, Retail & Outside Storage. Currently Operating As A Furniture Store. Located In High Demand Area.

Chatham-Kent $85,000 — 2 Chittim Rd 408 : Excellent Opportunity For Investors & 1st Time Buyers, Excellent Location, Low Maintenance, Close To Downtown & To Hwy 401, Currently Tenanted Property, Low Maintenance Fee.

TORONTO $140,000 — 45 Four Winds Dr : Pizza Store For Sale In A Busy Mall Steps To York University, Tons Of Foot Traffic, Walking Distance From Kids Schools, Residential Apartments/ Condos Minutes Away.

BRAMPTON $169,900 — Photo Not Available — 537 Van Kirk Dr 110 : Turn Key Operation, Well-Established Pets Pizzeria, No Franchise Fees Or Royalty, Low Rent Of $2,700. Situated In A good Neighborhood, Sales Of $30,000 Per Month.

BRAMPTON $195,900 — Photo Not Available — 2070 Steeles Ave 18: Turn Key Operation, Well Established Truck Repair Shop, Located In Brampton. Be Your Own Boss Today. Situated On A Very Busy Street With Tons Of Trucks Passing By Daily, Great Clientele, Sales Are $55,000 Per Month As Per Seller.

BRAMPTON $199,900 — Photo Not Available — 8770 The Gore Rd 6 : Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic Flow.

BRAMPTON $199,000 — 25 Cherrycrest Dr: Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Money Making Opportunity, Sales Are $55,000 Per Month

BRAMPTON $369,000 — 15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

TORONTO $309,000 — 320 Dixon Rd 1715: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest.

BRAMPTON $349,000 — SUBWAY eat fresh. — 3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

BRAMPTON $449,000 — 315 Royal West Dr F & G : Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

MISSISSAUGA $469,000 — Photo Not Available — 349 Rathburn Rd W 1601: First Time Buyers & Investors Assignment Sale New Condo Project Located Just Few Minutes From Square One, Sheridan College, Movie Theater, Go Bus Terminal, Hey 403, Library, Restaurants And Many More Amenities.

BRAMPTON $469,000 — Photo Not Available — 537 Van Kirk Dr 110: For sale Please call 905-405-8484

BRANTFORD $525,000 — 118&120 Morrell St: Great Investment With Great Income!!! Located In Brantford , Total Space Of 4,000 Sq Ft. 2,000 Sq Ft Of Storefront & 4 One Bedroom Apartments. All Are Currently Leased.

MISSISSAUGA $629,000 — Photo Not Available — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $779,000 — 9 Loftsmoor Dr: Immaculate Semidetached Corner Lot With Lots Of Sunshine All Year Around, Plus An Over Sized Backyard, Gleaming Hardwood Floors & Upgraded Washrooms. Must See

*Canadian punjabi post assumes no responsibility for the accuracy of any information shown. Copyright Ppost 2019

# ਲੋਕ ਗਾਇਕ ਬਲਧੀਰ ਮਾਹਲਾ ਟਰਾਂਟੋ ਫੇਰੀ ’ਤੇ



ਟਰਾਂਟੋ (ਕੰਵਲਜੀਤ ਸਿੰਘ ਕੰਵਲ) ਸਾਫ ਸੁਥਰੀ ਪਰਿਵਾਰਿਕ ਪੰਜਾਬੀ ਗਾਇਕੀ ਦੇ ਅਲੰਬਰਦਾਰ ਕਹੇ ਜਾਂਦੇ ਪੰਜਾਬੀ ਗਾਇਕ ਬਲਧੀਰ ਮਾਹਲਾ ਇਹਨੀਂ ਦਿਨੀਂ ਆਪਣੀ ਨਿੱਜੀ ਫੇਰੀ ਤੇ ਟਰਾਂਟੋ ਆਏ ਹੋਏ ਹਨ ਅਤੇ ਉਹ ਆਪਣੇ ਨਾਲ ਲਿਆਏ ਕੁਝ ਨਵੇਂ ਗੀਤਾਂ ਨੂੰ ਵੀ ਪੰਜਾਬੀ ਮਾਂ ਬੋਲੀ ਦੀ ਝੋਲੀ ਚ ਪਾਉਣ ਦੀ ਵਿਉਂਤ ਰੱਖਦੇ ਹਨ। ਚੇਤੇ ਰਹੇ ਬਲਧੀਰ ਮਾਹਲਾ ਨੇ “ਮੇਰਾ ਕੁੱਕੂ ਰਾਣਾ ਰੋਂਦਾ” ਅਤੇ “ਮਾਂ ਦਿਆ ਸੁਰਜਣਾਂ” ਗੀਤ ਗਾ ਕੇ ਪੰਜਾਬੀਆਂ ਦੇ ਦਿਲਾਂ ਤੇ ਅਮਿੱਟ ਛਾਪ ਛੱਡੀ ਸੀ। ਬਲਧੀਰ ਮਾਹਲਾ ਹੁਣ ਤੱਕ ਦੇਸ਼ ਵਿਦੇਸ਼ ਵਿੱਚ ਸੈਕੜੇ ਲਾਈਵ ਸ਼ੋਅ ਕਰ ਚੁਕਾ ਹੈ, ਬਲਧੀਰ ਮਾਹਲਾ ਨਾਲ ਸੰਪਰਕ ਕਰਨ ਲਈ 1-716-622-7145 ਅਤੇ ਵਟਸ ਅੱਪ ਨੰਬਰ 91-93683 00003 ’ਤੇ ਫੋਨ ਕੀਤਾ ਜਾ ਸਕਦਾ ਹੈ

# ਪ੍ਰਿੰਸੀਪਲ ਪਾਖਰ ਸਿੰਘ ਨਵੀਂ ਕਿਤਾਬ ਛਪਵਾ ਕੇ ਪੰਜਾਬੋਂ ਪਰਤੇ

ਬਰੈਂਪਟਨ: (ਬਲਬੀਰ ਮੋਮੀ) ਪ੍ਰਸਿਧ ਲੇਖਕ ਪ੍ਰਿੰਸੀਪਲ ਪਾਖਰ ਸਿੰਘ ਗਦਰੀ ਬਾਬਿਆਂ ਬਾਰੇ ਆਪਣੀ ਨਵੀਂ ਕਿਤਾਬ ਜਲੰਧਰ ਤੋਂ ਛਪਵਾ ਕੇ ਵਾਪਸ ਬਰੈਂਪਟਨ ਪਹੁੰਚ ਗਏ ਹਨ। ਆਪ ਦੇ ਅਨੇਕਾਂ ਮਿਤਰ ਪਿਆਰਿਆਂ ਵੱਲੋਂ ਆਪ ਨੂੰ ਵੈਲਕਮ ਬੈਕ ਟੂ ਕੈਨੇਡਾ ਕਿਹਾ ਜਾਂਦਾ ਹੈ। ਆਪ ਜਲਦੀ ਸਾਹਿਤਕਾਰਾਂ ਦਾ ਇਕ ਇਕਠ ਕਰ ਕੇ ਆਪਣੀ ਨਵੀਂ ਕਿਤਾਬ ਰੀਲੀਜ਼ ਕਰਨਗੇ ਜਿਸ ਵਿਚ ਕੁਝ ਵਿਦਵਾਨ ਉਹਨਾਂ ਦੀ ਕਿਤਾਬ ਬਾਰੇ ਪੇਪਰ ਪੜ੍ਹਨਗੇ ਅਤੇ ਸੂਝਵਾਣ ਬੁਲਾਰੇ ਆਪਣੇ ਬਹੁਮੁਲੇ ਵਿਚਾਰ ਪੇਸ਼ ਕਰਨਗੇ। ਹੋਰ ਜਾਣਕਾਰੀ ਲਈ ਪਾਖਰ ਸਿੰਘ ਨੂੰ 905-230-5651 ’ਤੇ ਫੋਨ ਕੀਤਾ ਜਾ ਸਕਦਾ ਹੈ।

# ਜੇਲ ’ਚ ਕਤਲ ਕੇਸ ਵਿਚ ਦੋਸ਼ੀ ਵਿਅਕਤੀ ਨੇ ਆਪਣੇ ਸਾਥੀ ਕੈਦੀ ਦੀ ਜੀਭ, ਨੱਕ, ਕੰਨ, ਅੱਖਾਂ ਤੇ ਬੁੱਲਾਂ ਨੂੰ ਬੁਰੀ ਤਰਾਂ ਕੱਟ ਵੱਢ ਦਿੱਤਾ

ਸਟਾਕਟਨ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਕਤਲ ਕੇਸ ਵਿਚ ਦੋਸ਼ੀ ਕਰਾਰ ਦਿੱਤੇ ਜੇਲ ਵਿਚ ਬੰਦ ਇਕ ਵਿਅਕਤੀ ਵੱਲੋਂ ਆਪਣੇ ਸਾਥੀ ਕੈਦੀ ਦਾ ਬਹੁਤ ਹੀ ਹੌਲਨਾਕ ਢੰਗ ਨਾਲ ਕਤਲ ਕਰ ਦਿੱਤਾ ਗਿਆ। ਕਿੰਗਜ ਕਾਊਂਟੀ ਅਸਿਸਟੈਂਟ ਡਿਸਟ੍ਰਿਕਟ ਅਟਾਰਨੀ ਫਿਲਐਸਬਿਨਸੇਡ ਨੇ ਦਸਿਆ ਕਿ ਜੇਮੀ ਓਸੁਨਾ ਨਾਮੀ ਦੋਸ਼ੀ ਨੂੰ ਕੋਰੋਰੈਨ ਸਟੇਟ ਜੇਲ ਤੋਂ ਸਟਾਕਟਨ ਜੇਲ ਵਿਚ ਤਬਦੀਲ ਕੀਤਾ ਗਿਆ ਸੀ ਜਿਥੇ ਉਸ ਨੇ ਕਿਸੇ ਤੇਜ ਧਾਰ ਹਥਿਆਰ ਨਾਲ 44 ਸਾਲਾ ਲੂਇਸ ਰੋਮਰੋ ਨਾਮੀ ਆਪਣੇ ਸਾਥੀ ਕੈਦੀ ਦੀ ਜੀਭ, ਨੱਕ, ਕੰਨ, ਅੱਖਾਂ ਤੇ ਬੁੱਲਾਂ ਨੂੰ ਬੁਰੀ ਤਰਾਂ ਕੱਟ ਵੱਢ ਦਿੱਤਾ। ਹੈਰਾਨੀ ਵਾਲੀ ਗੱਲ ਇਹ ਹੈ ਕਿ ਜੇਲ ਦੇ ਸਟਾਫ ਜਾਂ ਕਿਸੇ ਹੋਰ ਕੈਦੀ





ਨੂੰ ਜੇਮ ਓਸੂਨਾ ਦੀ ਇਸ ਕਰਤੂਤ ਦਾ ਸਮੇਂ ਸਿਰ ਪਤਾ ਨਹੀਂ ਲੱਗਾ। ਜਦੋਂ ਜੇਲ ਦੇ ਗਾਰਡਾਂ ਨੂੰ ਪਤਾ ਲੱਗਾ ਤਾਂ ਲੂਇਸ ਰੋਮਰੋ ਉਸ ਸਮੇਂ ਤੱਕ ਮਰ ਚੁੱਕਾ ਸੀ। ਇਹ ਜੇਲ ਸੈਕਰਾਮੈਂਟੋ ਦੇ ਦੱਖਣ ਵਿਚ ਤਕਰੀਬਨ 220 ਮੀਲ ਦੂਰ ਸਥਿੱਤ ਹੈ। ਇਸ ਸਮੇਂ ਇਸ ਜੇਲ ਵਿਚ 3300 ਤੋਂ ਵਧ ਕੈਦੀ ਹਨ। ਪੋਸਟ ਮਾਰਟਮ ਵਿਚ ਸਪੱਸ਼ਟ ਹੋਇਆ ਹੈ ਕਿ ਲੂਇਸ ਰੋਮਰੋ ਦੀ ਮੌਤ ਡੂੰਘੇ ਜ਼ਖਮਾਂ ਕਾਰਨ ਜਿਆਦਾ ਖ਼ੂਨ ਵਹਿ ਜਾਣ ਕਾਰਨ ਹੋਈ ਹੈ। ਓਸੂਨਾ ਵਿਰੁੱਧ ਹੱਤਿਆ, ਅਤਿਆਚਾਰ ਕਰਨ ਤੇ ਹਥਿਆਰ ਰਖਣ ਸਮੇਤ ਹੋਰ ਕਈ ਦੋਸ਼ਾਂ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਪੁਲਿਸ ਵੱਲੋਂ ਮਾਮਲੇ ਦੀ ਬਹੁਤ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

## ਸੁਬਰਾਮਨੀਅਮ ਸਵਾਮੀ ਨੇ ਕਿਹਾ:

# ਭਾਜਪਾ ਨੂੰ 220-230 ਸੀਟਾਂ ਮਿਲਣਗੀਆਂ, ਮੋਦੀ ਪ੍ਰਧਾਨ ਮੰਤਰੀ ਬਣਨਾ ਮੁਸ਼ਕਲ

ਨਵੀਂ ਦਿੱਲੀ, 2 ਮਈ (ਪੋਸਟ ਬਿਊਰੋ)- ਭਾਜਪਾ ਨੇਤਾ ਸੁਬਰਾਮਨੀਅਮ ਸਵਾਮੀ ਨੇ ਹੈਰਾਨੀ ਵਾਲਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇ ਭਾਜਪਾ 220 ਤੋਂ 230 ਸੀਟਾਂ ਤੱਕ ਸਿਮਟ ਗਈ ਤਾਂ ਲੱਗਦਾ ਹੈ ਕਿ ਨਰਿੰਦਰ ਮੋਦੀ ਦੋਬਾਰਾ ਪ੍ਰਧਾਨ ਮੰਤਰੀ ਨਹੀਂ ਬਣ ਸਕਣਗੇ। ਉਨ੍ਹਾਂ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਭਾਜਪਾ ਦਾ ਆਂਕੜਾ 230 ਦੇ ਨੇੜੇ ਪਹੁੰਚੇਗਾ। ਐੱਨ ਡੀ ਏ ਗੱਠਜੋੜ ਵਿੱਚ ਦੂਸਰੇ ਸਹਿਯੋਗੀ ਦਲ ਕਰੀਬ ਤੀਹ ਸੀਟਾਂ ਜਿੱਤਣਗੇ। ਐੱਨ ਡੀ ਏ ਦੀਆਂ 250 ਸੀਟਾਂ ਆਉਣੀਆਂ ਤੈਅ ਹਨ। ਸਰਕਾਰ ਬਣਾਉਣ ਦੇ ਲਈ ਸਾਨੂੰ 30-40 ਸੀਟਾਂ ਦੀ ਜ਼ਰੂਰਤ ਹੋਰ ਪਏਗੀ।

ਕੀ ਇਸ ਸਥਿਤੀ ਵਿੱਚ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣਨਗੇ? ਇਸ ਸਵਾਲ 'ਤੇ ਸਵਾਮੀ ਨੇ ਕਿਹਾ, ਇਹ ਨਵੇਂ ਸਹਿਯੋਗੀ ਦਲਾਂ ਉੱਤੇ ਨਿਰਭਰ ਕਰੇਗਾ। ਜੇ ਉਨ੍ਹਾਂ ਨੇ ਕਿਹਾ ਕਿ ਉਹ ਨਰਿੰਦਰ ਮੋਦੀ ਨੂੰ ਸਵੀਕਾਰ ਨਹੀਂ ਕਰ ਸਕਦੇ ਤਾਂ ਮੁਸ਼ਕਲ ਹੋ ਸਕਦੀ ਹੈ। ਸਵਾਮੀ ਨੇ ਇੱਕ ਵਿਦੇਸ਼ੀ ਮੀਡੀਆ ਨੂੰ ਇੰਟਰਵਿਊ ਦਿੰਦੇ ਹੋਏ ਕਿਹਾ, ਚੋਣਾਂ ਦੇ ਬਾਅਦ ਬਸਪਾ ਜਾਂ ਬੀਜੂ ਜਨਤਾ ਦਲ ਸਰਕਾਰ ਬਣਾਉਣ



ਵਿੱਚ ਮਦਦ ਕਰ ਸਕਦੇ ਹਨ। ਇਸ ਵਿੱਚ ਪਰੇਸ਼ਾਨੀ ਇਹ ਹੈ ਕਿ ਬੀਜੂ ਜਨਤਾ ਦਲ ਦੇ ਮੁਖੀ ਨਵੀਨ ਪਟਨਾਇਕ ਕਹਿ ਚੁੱਕੇ ਹਨ ਕਿ ਮੋਦੀ ਦੋਬਾਰਾ ਪ੍ਰਧਾਨ ਮੰਤਰੀ ਨਹੀਂ ਬਣਨੇ ਚਾਹੀਦੇ। ਬਸਪਾ ਮੁਖੀ ਮਾਇਆਵਤੀ ਨੇ ਅਜੇ ਤੱਕ ਕੁਝ ਸਾਫ ਨਹੀਂ ਕੀਤਾ, ਕਿਉਂਕਿ, ਯੂ ਪੀ ਵਿੱਚ ਸਮਾਜਵਾਦੀ-ਬਸਪਾ ਦੀ ਟੱਕਰ ਭਾਜਪਾ ਨਾਲ ਹੈ। ਇਸ ਲਈ ਇਸ ਵਿੱਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ ਕਿ ਉਹ ਸਰਕਾਰ ਵਿੱਚ ਪ੍ਰਧਾਨ ਮੰਤਰੀ ਬਦਲਣ ਦੀ ਸ਼ਰਤ ਰੱਖ ਦੇਣ। ਨਰਿੰਦਰ ਮੋਦੀ ਨਹੀਂ ਤਾਂ ਕੀ ਨਿਤਿਨ ਗਡਕਰੀ ਪ੍ਰਧਾਨ ਮੰਤਰੀ ਹੋ ਸਕਦੇ ਹਨ? ਇਸ ਬਾਰੇ ਸਵਾਮੀ ਨੇ ਕਿਹਾ ਕਿ ਜੇ ਅਜਿਹਾ ਹੋਇਆ ਤਾਂ ਬਹੁਤ ਚੰਗਾ ਹੋਵੇਗਾ। ਗਡਕਰੀ ਮੋਦੀ ਦੀ ਹੀ ਤਰ੍ਹਾਂ ਯੋਗ ਹਨ।

# ਕੁੰਭ ਮੇਲੇ ਵਿੱਚ ਨਹਿਰੂ ਦੇ ਆਏ ਤੋਂ ਮੱਚੀ ਭਾਜੜ ਦੌਰਾਨ ਹਜ਼ਾਰਾਂ ਲੋਕ ਮਰੇ ਸਨ : ਮੋਦੀ

ਕੌਸ਼ੰਭੀ, 2 ਮਈ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨੇ ਇਸ ਸਾਲ ਦੇ ਕੁੰਭ ਮੇਲੇ ਵਿੱਚ ਉੱਤਰ ਪ੍ਰਦੇਸ਼ ਵਿਚਲੀ ਭਾਜਪੀ ਸਰਕਾਰ ਵੱਲੋਂ ਕੀਤੇ ਗਏ ਪ੍ਰਬੰਧਾਂ ਦੀ ਸ਼ਲਾਘਾ ਕਰਦਿਆਂ 1954 ਵਿੱਚ ਇਲਾਹਾਬਾਦ ਕੁੰਭ ਮੇਲੇ ਵਿੱਚ ਮੱਚੀ ਭਾਜੜ ਨੂੰ ਯਾਦ ਕੀਤਾ ਅਤੇ ਕਿਹਾ ਕਿ ਜਦ ਮੌਕੇ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਇਸ ਕੁੰਭ ਮੇਲੇ ਵਿੱਚ ਆਏ ਸਨ ਤਾਂ ਉਸ ਵਕਤ ਮੱਚ ਗਈ ਭਾਜੜ ਵਿੱਚ ਹਜ਼ਾਰਾਂ ਲੋਕ ਮਾਰੇ ਗਏ ਸਨ।

ਇਸ ਸੰਬੰਧ ਵਿੱਚ ਮੋਦੀ ਦਾ ਕਹਿਣਾ ਹੈ ਕਿ ਓਦੋਂ ਦੀਆਂ ਖਬਰਾਂ ਵਿੱਚ ਮਰਨ ਵਾਲਿਆਂ ਦੀ ਗਿਣਤੀ ਸੈਂਕੜਿਆਂ ਵਿੱਚ ਦੱਸੀ ਗਈ ਸੀ, ਕੁਝ ਖਬਰਾਂ ਵਿੱਚ ਇਹ ਗਿਣਤੀ ਕਰੀਬ 800 ਦੱਸੀ ਗਈ ਸੀ। ਮੋਦੀ ਨੇ ਚੋਣ ਰੈਲੀ ਵਿੱਚ ਉਕਤ ਘਟਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਦੋਂ ਪ੍ਰਧਾਨ ਮੰਤਰੀ ਨਹਿਰੂ ਕੁੰਭ ਵਿੱਚ ਆਏ ਤਾਂ ਮੇਲਾ ਏਨਾ ਵੱਡਾ ਨਹੀਂ ਹੁੰਦਾ ਸੀ। ਓਦੋਂ ਉਥੇ ਭਾਜੜ ਮਚ ਗਈ ਅਤੇ ਹਜ਼ਾਰਾਂ ਲੋਕ ਦਰੜ ਕੇ ਮਾਰੇ ਗਏ ਸਨ, ਪਰ ਸਰਕਾਰ ਦੀ ਇੱਜ਼ਤ ਬਚਾਉਣ ਲਈ ਪੰਡਿਤ ਨਹਿਰੂ ਉੱਤੇ ਦਾਗ ਨਾ ਲੱਗ ਜਾਵੇ, ਇਸ ਲਈ ਖਬਰਾਂ ਦਬਾ ਦਿੱਤੀਆਂ ਸਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਵਾਰ ਕੁੰਭ ਵਿੱਚ ਕਰੋੜਾਂ ਲੋਕ ਆਏ, ਉਹ ਖੁਦ ਵੀ ਪੁੱਜੇ ਸਨ, ਪਰ ਕੋਈ ਭਾਜੜ ਨਹੀਂ ਮਚੀ, ਕੋਈ ਨਹੀਂ ਮਰਿਆ। ਪ੍ਰਬੰਧ ਵਧੀਆ ਸਨ। ਉਨ੍ਹਾਂ ਕਿਹਾ ਕਿ ਓਦੋਂ ਦੂਜੀਆਂ ਪਾਰਟੀਆਂ ਨਹੀਂ ਸਨ ਅਤੇ ਯੂ ਪੀ ਵਿੱਚ ਕਾਂਗਰਸ ਸਰਕਾਰ ਸੀ, ਪਰ ਤਦ ਵੀ ਖਬਰਾਂ ਦਬਾ ਦਿੱਤੀਆਂ ਗਈਆਂ ਅਤੇ ਪੀੜਤ ਪਰਵਾਰਾਂ ਨੂੰ ਇੱਕ ਰੁਪਿਆ ਤੱਕ ਨਹੀਂ ਸੀ ਦਿੱਤਾ ਗਿਆ। ਸਿਰਫ ਭਾਜੜ ਹੀ ਨਹੀਂ, ਭਾਜੜ ਮਗਰੋਂ ਜੋ ਹੋਇਆ, ਉਹ ਭਾਰੀ ਅਸੰਵੇਦਨਸ਼ੀਲਤਾ ਸੀ, ਜ਼ੁਲਮ ਸੀ। ਮੋਦੀ ਨੇ ਕਿਹਾ ਕਿ ਮੈਨੂੰ ਪਹਿਲਾਂ ਵੀ ਕੁੰਭ ਵਿੱਚ ਕਈ ਵਾਰ ਆਉਣ ਦਾ ਮੌਕਾ ਮਿਲਿਆ। ਜਦ ਸਰਕਾਰ ਬਦਲਦੀ ਹੈ ਤੇ ਨੀਤ ਬਦਲਦੀ ਹੈ, ਤਦ ਕਿੱਦਾਂ ਦਾ ਨਤੀਜਾ ਆਉਂਦਾ ਹੈ, ਇਹ ਪ੍ਰਯਾਗਰਾਜ ਨੇ ਇਸ ਵਾਰ ਵਿਖਾ ਦਿੱਤਾ ਹੈ।

# ਜ਼ਿੰਦਾਬਾਦ ਦੇ ਨਾਅਰਿਆਂ ਨੂੰ ਮੁਰਦਾਬਾਦ ਸਮਝ ਕੇ ਖੱਟਰ ਬੋਲੇ : ਪੁਲਸ ਨੂੰ ਫੜਾ ਦਿਆਂਗਾ

ਕੁਰੁਕਸ਼ੇਤਰ, 2 ਮਈ (ਪੋਸਟ ਬਿਊਰੋ)- ਲਾਡਵਾ ਵਿੱਚ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਵਿਜੇ ਸੰਕਲਪ ਰੈਲੀ ਵਿੱਚ ਗਲਤੀ ਹੋ ਗਈ। ਮੁੱਖ ਮੰਤਰੀ ਦੇ ਭਾਸ਼ਣ ਦੌਰਾਨ ਕੁਝ ਨੌਜਵਾਨ ਖੜ੍ਹੇ ਹੋ ਕੇ ਭਾਜਪਾ ਅਤੇ ਮੁੱਖ ਮੰਤਰੀ ਜ਼ਿੰਦਾਬਾਦ ਦੇ ਪੱਖ ਵਿੱਚ ਨਾਅਰੇ ਲਾਉਣ ਲੱਗੇ। ਮੁੱਖ ਮੰਤਰੀ ਨੇ ਮੁਰਦਾਬਾਦ ਦੇ ਨਾਅਰੇ ਸਮਝ ਲਏ ਅਤੇ ਮੰਚ ਤੋਂ ਹੀ ਬੋਲੇ, ਮੈਂ ਡਰਨ ਵਾਲਾ ਮੁੱਖ ਮੰਤਰੀ ਨਹੀਂ, ਚੁੱਪਚਾਪ ਬੈਠੋ, ਵਰਨਾ ਪੁਲਸ ਉਠਾ ਕੇ ਲੈ ਜਾਏਗੀ। ਮੈਨੂੰ ਵਿਰੋਧੀ ਧਿਰ ਦੀਆਂ ਚਾਲਾਂ ਨਾਲ ਨਿਪਟਣਾ ਆਉਂਦਾ ਹੈ। ਜਲਦ ਹੀ ਮੁੱਖ ਮੰਤਰੀ ਨੂੰ ਸਹੀ ਸਥਿਤੀ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਮੰਚ ਤੋਂ ਮੰਨਿਆ ਕਿ ਭਰਮ ਹੋ ਗਿਆ ਸੀ। ਫਿਰ ਬੋਲੇ, ਤੁਹਾਡੇ ਲੋਕਾਂ ਦੀ ਜੋ ਵੀ ਸਮੱਸਿਆ ਹੈ, ਉਸ ਦਾ ਹੱਲ ਕੀਤਾ ਜਾਏਗਾ।

ਨੌਜਵਾਨਾਂ ਨੇ ਕਿਹਾ ਕਿ ਉਹ ਮੁੱਖ ਮੰਤਰੀ ਦੇ ਸਾਹਮਣੇ ਆਪਣੀ ਗੱਲ ਰੱਖਣ ਆਏ ਸਨ। ਨੌਕਰੀਆਂ ਵਿੱਚ ਭਰਤੀ ਲਈ ਵਿਧਵਾਵਾਂ ਦੇ ਬੱਚਿਆਂ ਨੂੰ ਪੰਜ ਨੰਬਰ ਦੇਣ ਦਾ ਮੁੱਖ ਮੰਤਰੀ ਐਲਾਨ ਕੀਤਾ ਸੀ। ਗਰੁੱਪ ਡੀ ਵਿੱਚ ਤਾਂ ਇਹ ਲਾਭ ਮਿਲਿਆ, ਪਰ ਪੁਲਸ ਵਿੱਚ ਸਿਪਾਹੀ, ਸਬ ਇੰਸਪੈਕਟਰ ਆਦਿ ਲਈ ਇਹ ਪੰਜ ਨੰਬਰ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਪਿਛਲੇ ਦੋ ਮਹੀਨਿਆਂ ਤੋਂ ਉਹ ਲੋਕ ਮੁੱਖ ਮੰਤਰੀ ਤੱਕ ਆਪਣੀ ਗੱਲ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਹਿਸਾਰ ਅਤੇ ਮੇਵਾਤ ਵਿੱਚ ਹੋਈ ਰੈਲੀ ਵਿੱਚ ਵੀ ਆਵਾਜ਼ ਉਠਾਈ ਸੀ।

# ਕਰੰਟ ਲੱਗਣ ਨਾਲ ਪਿਓ ਪੁੱਤ ਸਮੇਤ ਤਿੰਨ ਜਣਿਆਂ ਦੀ ਮੌਤ

ਕਾਲਾਂਵਾਲੀ, 2 ਮਈ (ਪੋਸਟ ਬਿਊਰੋ)- ਖੇਤਰ ਦੇ ਕਸਬਾ ਔਢਾਂ ਵਿੱਚ ਕੱਲ੍ਹ ਸਰਕਾਰੀ ਆਈ ਟੀ ਆਈ ਵਿੱਚ ਇੱਕ ਲੋਹੇ ਦੀ ਵੱਡੀ ਪੌੜੀ ਦੇ ਹਾਈ ਵੋਲਟੇਜ ਲਾਈਨ ਨਾਲ ਲੱਗ ਜਾਣ ਕਾਰਨ ਅਦਾਰੇ ਵਿੱਚ ਕੰਮ ਕਰਦੇ ਕਰਮਚਾਰੀ ਪਿਤਾ ਪੁੱਤਰ ਅਤੇ ਇਕ ਵਿਦਿਆਰਥੀ ਸਮੇਤ ਤਿੰਨ ਜਣਿਆਂ ਦੀ ਕਰੰਟ ਲੱਗਣ ਨਾਲ ਮੌਤ ਹੋ ਗਈ। ਹਾਦਸੇ ਵਿੱਚ ਇਕ ਵਿਦਿਆਰਥੀ ਬੁਰੀ ਤਰ੍ਹਾਂ ਝੁਲਸ ਗਿਆ। ਜ਼ਖਮੀ ਵਿਦਿਆਰਥੀ ਨੂੰ ਪਹਿਲਾਂ ਸਿਰਸਾ ਦੇ ਸਰਕਾਰੀ ਹਸਪਤਾਲ ਲਿਆਂਦਾ ਗਿਆ ਤੇ ਹਾਲਤ ਗੰਭੀਰ ਹੋਣ ਕਰਕੇ ਉਸ ਨੂੰ ਅਗਰੋਹਾ ਮੈਡੀਕਲ ਕਾਲਜ ਰੈਫਰ ਕਰ ਦਿੱਤਾ। ਮ੍ਰਿਤਕਾਂ ਦੀ ਪਛਾਣ ਵਿਦਿਆਰਥੀ ਲਵਪ੍ਰੀਤ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਜੰਡਵਾਲਾ ਜਾਟਾਂ, ਸਫਾਈ ਕਰਮਚਾਰੀ ਕੇਵਲ ਸਿੰਘ ਪੁੱਤਰ ਇੰਦਰਪਾਲ ਅਤੇ ਮਾਲੀ ਇੰਦਰਪਾਲ ਪੁੱਤਰ ਬਸਤੀ ਰਾਮ ਤੇ ਜ਼ਖਮੀ ਦੀ ਰਮੇਸ਼ ਕੁਮਾਰ ਪੁੱਤਰ ਦੇਵੀ ਲਾਲ ਨੂਹੀਆਂਵਾਲੀ ਵਜੋਂ ਹੋਈ ਹੈ। ਪੁਲਸ ਨੇ ਪੀੜਤ ਪਰਵਾਰਾਂ ਦੀ ਸ਼ਿਕਾਇਤ ਤੇ ਕੇਸ ਦਰਜ ਕਰਕੇ ਮਾਮਲੇ ਦੀ ਜਾਂਚ ਆਰੰਭ ਦਿੱਤੀ ਹੈ।


ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

Minimum 1 year experience & Trained mechanic

- 6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ



Also need Body Shop Mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)






Join us for Sukhmani Sahib Path in Support of

Bibi Paramjit Kaur Khalra
ਬੀਬੀ ਪਰਮਜੀਤ ਕੌਰ ਖਾਲੜਾ

ਦੇ ਸਹਿਯੋਗ ਲਈ ਰਖੇ ਪਾਠ ਸੁਖਮਨੀ ਸਾਹਿਬ ਤੇ ਪਹੁੰਚੋ

May 4, 2019 2 pm to 4 pm
Ontario Khalsa Darbar
Hall# 2 (Dixie and Derry)
7080 Dixie Rd, Mississauga, ON L5S 1B7

4 ਮਈ, 2019 - 2 ਵਜੇ ਤੋਂ 4 ਵਜੇ
ਓਨਟਾਰੀਓ ਖਾਲਸਾ ਦਰਬਾਰ
ਹਾਲ # 2 (ਡਿਕਸੀ/ਡੇਰੀ)
7080 ਡਿਕਸੀ ਰੋਡ, ਮਿਸੀਸਾਗਾ ਓ ਇਨ L5S 1B7






House for sale in Castlemore

ਬਰੈਂਪਟਨ ਦੇ ਕੈਸਲਮੋਅਰ ਏਰੀਆ ਵਿਚ 3000sqft ਦਾ ਅਪਗ੍ਰੇਡ ਕੀਤਾ ਗਿਆ ਘਰ। ਇਸ ਵਿੱਚ 5+2 ਬੈੱਡਰੂਮ ਅਤੇ 6 ਬਾਥਰੂਮ ਹਨ। Seperate Entry ਨਾਲ ਬੇਸਮੈਂਟ ਪੂਰੀ ਤਰ੍ਹਾਂ ਤਿਆਰ ਹੈ। ਸਾਰੇ ਘਰ ਵਿਚ ਹਾਰਡਵੁੱਡ ਪਈ ਹੈ। Front ਤੇ ਨਵੀਂ ਸਟੋਨ ਅਤੇ Stucco ਕੀਤੀ ਗਈ ਹੈ। ਨਵੀਆਂ ਗੈਰਾਜ ਡੋਰਾਂ। ਵੱਡੀ ਕਿਚਨ। ਬੈਕ ਤੇ ਵੱਡਾ ਡੈੱਕ ਅਤੇ Patio. ਸਾਰੇ ਘਰ ਦੇ ਦੁਆਲੇ ਸਟੈਂਪ ਕੰਕਰੀਟ ਹੈ। 4 ਕਾਰ ਦਾ Driveway ਬਿਨਾਂ ਸਾਈਡ ਵਾਕ ਤੋਂ। ਬੇਸਮੈਂਟ ਵਿੱਚ ਅਲੱਗ 2 ਹਿੱਸੇ ਬਣੇ ਹੋਏ ਹਨ। ਸਾਰੇ ਗ੍ਰੇਡ ਦੇ ਸਕੂਲਾਂ ਦੇ ਨੇੜੇ। Hwy 50 & Cottrelle Intersection. 45x92 ਫੁੱਟ ਦਾ ਪਲਾਟ। ਸਿਰਫ 6 ਸਾਲ ਨਵੇਂ ਘਰ ਨੂੰ ਦੇਖਣ ਲਈ ਅੱਜ ਹੀ ਕਾਲ ਕਰੋ।।



Jagraj Sekhon
Sales Representative



Dhanwant Gosal
Broker


Dir: 416-562-1176
www.jagrajsekhon.com

Century 21
People's Choice Realty Inc, Brokerage

Dir: 416-277-4153
www.gosalhomes.com



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6

# ਕੈਨੇਡਾ ਡੇ ਮੇਲਾ ਐਂਡ ਟਰੱਕ ਸ਼ੋਅ 29 ਜੂਨ ਨੂੰ

...ਪੰਨਾ 1 ਦਾ ਬਾਕੀ

ਮੇਲਾ ਬਿਲਕੁਲ ਮੁਫਤ ਹੁੰਦਾ ਹੈ। ਇਸ ਮੇਲੇ ਵਿਚ ਪਿਛਲੇ ਸਾਲਾਂ ਦੀ ਤਰ੍ਹਾਂ ਜਿਥੇ ਬਾਲੀਵੁਡ ਦੇ ਚੋਟੀ ਦੇ ਕਲਾਕਾਰ ਹੋਣਗੇ, ਉਸ ਦੇ ਨਾਲ-ਨਾਲ ਪੰਜਾਬ ਦੇ ਮੰਨੇ ਪ੍ਰਮੰਨੇ ਕਲਾਕਾਰ ਵੀ ਸ਼ਾਮਿਲ ਹੋਣਗੇ। ਗੀਤ-ਸੰਗੀਤ ਦੇ ਨਾਲ-ਨਾਲ ਹਾਸ-ਰਸ ਵਾਲੇ ਪ੍ਰਸਿੱਧ ਕਲਾਕਾਰ ਵੀ ਸ਼ਿਰਕਤ ਕਰਨਗੇ। ਜਿਥੇ ਇਸ ਵਾਰ ਅਡਲਟਸ ਲਈ ਗਾਇਕ ਖੂਬ ਮਨੋਰੰਜਨ ਕਰਨਗੇ, ਉਥੇ ਹੀ ਬੱਚਿਆਂ ਲਈ ਝੂਲੇ ਤੇ ਹੋਰ ਖੇਡਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਖਾਣੇ ਦੇ ਸਟਾਲਾਂ ਦਾ ਇਸ ਵਾਰ ਬਹੁਤ ਵਧੀਆ ਪ੍ਰਬੰਧ ਕੀਤਾ ਜਾ ਰਿਹਾ ਹੈ। ਜੁਗਰਾਜ ਸਿੱਧੂ ਨੇ ਦੱਸਿਆ ਕਿ ਪਿਛਲੇ ਤਜਰਬਿਆਂ ਤੋਂ ਸਿੱਖਦਿਆਂ ਇਸ ਵਾਰ ਇਸ ਮੇਲੇ ਵਿਚ ਕੋਈ ਵੀ ਕਮੀ ਪੇਸ਼ੀ ਨਹੀ ਰਹਿਣ ਦਿੱਤੀ ਜਾਵੇਗੀ।

ਦਵਿੰਦਰ ਧਾਲੀਵਾਲ ਨੇ ਦੱਸਿਆ ਕਿ ਕੈਨੇਡਾ ਡੇ ਮੇਲਾ ਐਂਡ ਟਰੱਕ ਸ਼ੋਅ ਨੂੰ ਜਿਥੇ ਕੈਨੇਡੀਅਨ ਰੰਗਤ ਦਿੱਤੀ ਜਾਵੇਗੀ ਉਸ ਦੇ ਨਾਲ-ਨਾਲ ਇਸ ਨੂੰ ਪੰਜਾਬੀਅਤ ਦੀ ਰੰਗਤ ਵਿਚ ਵੀ ਰੰਗਿਆ ਜਾਵੇਗਾ। ਇਥੇ ਜਿਥੇ ਪੰਜਾਬ ਦੇ ਸੱਭਿਆਚਾਰ ਦੀਆਂ ਪੁਰਾਤਨ ਵਸਤਾਂ ਸਜਾਈਆਂ ਜਾਣਗੀਆਂ, ਉਥੇ ਹੀ ਪੰਜਾਬੀਆਂ ਵੱਲੋਂ ਤਿਆਰ ਕੀਤੇ ਟਰੈਕਟਰ-ਟਰਾਲੀਆਂ ਅਤੇ ਹੋਰ ਸਾਜੋ ਸਮਾਨ ਵੀ ਪੇਸ਼ ਕੀਤਾ ਜਾਵੇਗਾ। ਸੋ ਇਹ ਕੈਨੇਡਾ ਡੇ ਮੇਲਾ ਐਂਡ ਟਰੱਕ ਸ਼ੋਅ ਕੈਨੇਡੀਅਨ ਕਲਚਰ ਤੇ ਪੰਜਾਬੀ ਕਲਚਰ ਦਾ ਸੁਮੇਲ ਹੋਵੇਗਾ। ਇਸ ਨਾਲ ਜਿਥੇ ਯੰਗ ਜਨਰੇਸ਼ਨ ਆਕਰਸ਼ਿਤ ਹੋਵੇਗੀ, ਉਥੇ ਹੀ ਅਡਲਟਸ ਵੀ ਇਸ ਮੇਲੇ ਦਾ ਖੂਬ ਆਨੰਦ ਮਾਨਣਗੇ। ਮੇਲੇ ਵਿਚ ਜੇਕਰ ਕਿਸੇ ਭੈਣ-ਭਰਾ ਨੇ ਕਿਸੇ ਵੀ ਤਰ੍ਹਾਂ ਦਾ ਸਟਾਲ ਲਗਵਾਉਣਾ ਹੈ ਤਾਂ ਉਹ ਜੁਗਰਾਜ ਸਿੱਧੂ ਨੂੰ 416-302-3600 ਅਤੇ ਦਵਿੰਦਰ ਸਿੰਘ ਧਾਲੀਵਾਲ ਨੂੰ 905-462-2727 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਟਰੂਡੋ ਖਿਲਾਫ ਮੁਹਿੰਮ ਚਲਾਉਣ ਦੀ ਤਿਆਰੀ ਕਰ ਰਹੇ ਹਨ ਕੇਨੀ

...ਪੰਨਾ 1 ਦਾ ਬਾਕੀ

ਇੱਕ ਇੰਟਰਵਿਊ ਵਿੱਚ ਇਲੈਕਸ਼ਨਜ਼ ਕੈਨੇਡਾ ਦੇ ਮੁਖੀ ਸਟੀਫਨ ਪੇਰਾਲਟ ਨੇ ਆਖਿਆ ਕਿ ਇਲੈਕਸ਼ਨਜ਼ ਐਕਟ ਪ੍ਰੋਵਿੰਸ਼ੀਅਲ ਸਰਕਾਰਾਂ ਦੀਆਂ ਗਤੀਵਿਧੀਆਂ ਨੂੰ ਸੇਧ ਨਹੀਂ ਦਿੰਦਾ ਕਿਉਂਕਿ ਇਹ ਫੈਡਰਲ ਪ੍ਰੋਵਿੰਸ਼ੀਅਲ ਮੁੱਦਿਆਂ ਨਾਲ ਸਬੰਧਤ ਹੁੰਦੀਆਂ ਹਨ। ਇਸ ਦੌਰਾਨ ਕੇਨੀ ਨੇ ਆਖਿਆ ਕਿ ਫੈਡਰਲ ਸਰਕਾਰ ਕੈਨੇਡੀਅਨ ਆਇਲ ਦੇ ਸਬੰਧ ਵਿੱਚ ਸਕਾਰਾਤਮਕ ਜਾਣਕਾਰੀ ਨੂੰ ਹੱਲਾਸ਼ੇਰੀ ਦੇ ਰਹੀ ਹੈ, ਜੋ ਸਹੀ ਨਹੀਂ ਹੈ। ਕੇਨੀ ਨੇ ਉਨ੍ਹਾਂ ਕੰਜ਼ਰਵੇਟਿਵ ਪ੍ਰੀਮੀਅਰਜ਼ ਦਾ ਗੱਠਜੋੜ ਬਣਾਉਣ ਦਾ ਵੀ ਸੰਕੇਤ ਦਿੱਤਾ ਹੈ ਜਿਹੜੇ ਫੈਡਰਲ ਕਾਰਬਨ ਟੈਕਸ ਦੇ ਖਿਲਾਫ ਹਨ। ਇਹ ਅਜੇ ਵੇਖਣ ਵਾਲੀ ਗੱਲ ਹੈ ਕਿ ਇਹ ਵਿਰੋਧੀ ਧਿਰ, ਜੋ ਕਿ ਫੈਡਰਲ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਦੀ ਕਾਰਬਨ ਪ੍ਰਾਈਸਿੰਗ ਸਕੀਮ ਨੂੰ ਖ਼ਤਮ ਕਰਨ ਦੀ ਯੋਜਨਾ ਰੱਖਦੀ ਹੈ, ਫੈਡਰਲ ਮੁਹਿੰਮ ਦੌਰਾਨ ਕਿੰਨਾ ਕੁ ਫਾਇਦਾ ਪਹੁੰਚਾਉਂਦੀ ਹੈ।

ਇੱਕ ਤਾਜ਼ਾ ਇੰਟਰਵਿਊ ਵਿੱਚ ਕੇਨੀ ਨੇ ਇਹ ਵੀ ਆਖਿਆ ਕਿ ਇਸ ਸਾਲ ਦੇ ਅੰਤ ਵਿੱਚ ਹੋਣ ਵਾਲੀਆਂ ਫੈਡਰਲ ਚੋਣਾਂ ਵਿੱਚ ਕੰਜ਼ਰਵੇਟਿਵ ਸਰਕਾਰ ਚੁਣੀ ਜਾਵੇ ਇਸ ਲਈ ਜੋ ਬਣ ਸਕੇਗਾ ਉਹ ਕਰਨਗੇ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਕੇਨੀ ਦੀ ਬਹੁਤੀ ਪ੍ਰੋਵਿੰਸ਼ੀਅਲ ਕੈਂਪੇਨ ਟਰੂਡੋ ਉੱਤੇ ਹਮਲੇ ਕਰਦਿਆਂ ਹੀ ਲੰਘੀ ਤੇ ਉਹ ਫੈਡਰਲ ਸਰਕਾਰ ਨੂੰ ਵੀ ਕਈ ਮੁੱਦਿਆਂ ਉੱਤੇ ਘੇਰਨ ਦਾ ਤਹੱਈਆ ਪ੍ਰਗਟਾ ਚੁੱਕੇ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Sodhi |
| **Marketing Executives** | Priya Sodhi<br>Kamaljeet Kaur |
| **Graphic Designer** | Satnam Singh |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਉੱਤਰੀ ਓਨਟਾਰੀਓ ਦੇ ਘਰ ਵਿੱਚ ਲੱਗੀ ਅੱਗ ਕਾਰਨ ਇੱਕ ਮਹਿਲਾ ਤੇ ਉਸ ਦੇ ਚਾਰ ਬੱਚਿਆਂ ਦੀ ਹੋਈ ਮੌਤ

...ਪੰਨਾ 1 ਦਾ ਬਾਕੀ

ਇਸ ਮਹਿਲਾ ਦੀ ਇੱਕ ਹੋਰ ਧੀ ਵੀ ਸੀ ਜੋ ਕਿ ਅੱਗ ਲੱਗਣ ਸਮੇਂ ਘਰ ਤੋਂ ਦੂਰ ਸੀ। ਉਨ੍ਹਾਂ ਦੱਸਿਆ ਕਿ ਮਹਿਲਾ ਦੇ ਤਿੰਨ ਬੱਚੇ ਗੋਦ ਲਏ ਹੋਏ ਸਨ। ਚੀਫਜ ਆਫ ਓਨਟਾਰੀਓ ਦੇ ਓਨਟਾਰੀਓ ਰੀਜਨਲ ਚੀਫ ਰੋਜ਼ਐਨ ਆਰਕੀਬਾਲਡ ਨੇ ਆਖਿਆ ਕਿ ਕਮਿਊਨਿਟੀ ਦਾ ਸਾਥ ਦੇਣ ਲਈ ਹੋਰਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਉੱਤਰਪੱਛਮੀ ਓਨਟਾਰੀਓ ਦੀਆਂ ਮੂਲਵਾਸੀ ਕਮਿਊਨਿਟੀਜ਼ ਦੀ ਅਗਵਾਈ ਕਰਨ ਵਾਲੇ ਗ੍ਰੈਂਡ ਚੀਫ ਐਲਵਿਨ ਫਿਡਲਰ ਨੇ ਇਸ ਘਟਨਾ ਉੱਤੇ ਦੁੱਖ ਪ੍ਰਗਟਾਉਂਦਿਆਂ ਆਖਿਆ ਕਿ ਕ੍ਰਾਈਸਿਜ਼ ਤੇ ਸਪੋਰਟ ਵਰਕਰਾਂ ਦੀ ਟੀਮ ਕਮਿਊਨਿਟੀ ਕੋਲ ਭੇਜੀ ਜਾਵੇਗੀ। ਇਸ ਦੇ ਨਾਲ ਹੀ ਫੈਡਰਲ ਤੇ ਪ੍ਰੋਵਿੰਸ਼ੀਅਲ ਸਿਆਸਤਦਾਨਾਂ ਵੱਲੋਂ ਵੀ ਇਸ ਘਟਨਾ ਉੱਤੇ ਦੁੱਖ ਪ੍ਰਗਟਾਇਆ ਗਿਆ।

# ਡੇਰਾ ਪ੍ਰੇਮੀ ਵੱਲੋਂ ਦਸਵੇਂ ਗੁਰੂ ਸਾਹਿਬ ਬਾਰੇ ਬੇਹੂਦਾ ਬਿਆਨਾਂ ਦਾ ਸ਼੍ਰੋਮਣੀ ਕਮੇਟੀ ਨੇ ਨੋਟਿਸ ਲਿਆ

ਅੰਮ੍ਰਿਤਸਰ, 2 ਮਈ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਇੱਕ ਚੇਲੇ ਵੱਲੋਂ ਡੇਰਾ ਮੁਖੀ ਰਾਮ ਰਹੀਮ ਸਿੰਘ ਦੀ ਤੁਲਨਾ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਕਰਨ ਬਾਰੇ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਨੇ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾਕਟਰ ਰੂਪ ਸਿੰਘ ਨੇ ਇਸ ਨੂੰ ਬੇਹੱਦ ਘਟੀਆ ਸੋਚ ਦਾ ਪ੍ਰਗਟਾਵਾ ਕਰਾਰ ਦੇ ਕੇ ਕਿਹਾ ਕਿ ਇਨ੍ਹਾਂ ਬੇਤੁਕੀਆਂ ਤੇ ਮਨਘੜਤ ਗੱਲਾਂ ਕਰ ਕੇ ਕੁਝ ਸ਼ਰਾਰਤੀ ਅਨਸਰ ਜਾਣਬੁੱਝ ਕੇ ਪੰਜਾਬ ਦੇ ਸ਼ਾਂਤ ਮਾਹੌਲ ਨੂੰ ਵਿਗਾੜਨ ਦੀ ਕੋਸ਼ਿਸ਼ ਕਰ ਰਹੇ ਹਨ।

ਡਾਕਟਰ ਰੂਪ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਕਿਸੇ ਸੰਸਾਰੀ ਵਿਅਕਤੀ ਦੀ ਤੁਲਨਾ ਕਰਨਾ ਬਿਮਾਰ ਮਾਨਸਿਕਤਾ ਹੈ। ਇਸ ਨਾਲ ਸੰਸਾਰ ਭਰ ਵਿੱਚ ਵੱਸਦੇ ਘੱਟ ਗਿਣਤੀ ਸਿੱਖਾਂ ਵਿੱਚ ਰੋਸ ਤੇ ਰੋਹ ਪੈਦਾ ਹੋਇਆ ਹੈ। ਇਸ ਤੋਂ ਪਹਿਲਾਂ ਵੀ ਡੇਰਾ ਮੁਖੀ ਰਾਮ ਰਹੀਮ ਨੇ ਗੁਰੂ ਸਾਹਿਬ ਦਾ ਸਾਂਗ ਰਚ ਕੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਈ ਸੀ ਤੇ ਅੱਜ ਕੱਲ੍ਹ ਫਿਰ ਉਸ ਦੇ ਇੱਕ ਚੇਲੇ ਵੱਲੋਂ ਇਸ ਮਾਮਲੇ ਨੂੰ ਦੁਬਾਰਾ ਤੂਲ ਦੇਣ ਨਾਲ ਪੰਜਾਬ ਦਾ ਮਾਹੌਲ ਵਿਗੜ ਸਕਦਾ ਹੈ। ਪੰਜਾਬ ਦੀ ਭਾਈਚਾਰਕ ਸਾਂਝ ਤਬਾਹ ਕਰਨ ਦੀ ਇੱਛਾ ਰੱਖਦੇ ਅਜਿਹੇ ਲੋਕਾਂ ਵਿਰੁੱਧ ਪੰਜਾਬ ਸਰਕਾਰ ਨੂੰ ਸਖਤ ਹੋਣਾ ਪਵੇਗਾ। ਡਾਕਟਰ ਰੂਪ ਸਿੰਘ ਨੇ ਕਿਹਾ ਕਿ ਸੋਸ਼ਲ ਮੀਡੀਆ ਦੀ ਆਜ਼ਾਦੀ ਦਾ ਇਹ ਅਰਥ ਨਹੀਂ ਹੈ ਕਿ ਜੋ ਮਰਜ਼ੀ ਭਰਮ ਲੋਕਾਂ ਵਿੱਚ ਫੈਲਾਇਆ ਜਾਵੇ। ਉਨ੍ਹਾਂ ਕਿਹਾ ਕਿ ਮਾਮਲਾ ਬੇਹੱਦ ਸੰਜੀਦਾ ਹੈ ਤੇ ਦੋਸ਼ੀ ਵਿਰੁੱਧ ਕਾਰਵਾਈ ਕਰਨੀ ਚਾਹੀਦੀ ਹੈ। ਇਸ ਸੰਬੰਧੀ ਪੰਜਾਬ ਸਰਕਾਰ ਅਤੇ ਪੰਜਾਬ ਪੁਲਸ ਦੇ ਮੁਖੀ ਨੂੰ ਪੱਤਰ ਲਿਖ ਕੇ ਦੋਸ਼ੀ ਵਿਰੁੱਧ ਕਾਰਵਾਈ ਕਰਨ ਲਈ ਕਿਹਾ ਗਿਆ ਹੈ। ਡਾਕਟਰ ਰੂਪ ਸਿੰਘ ਨੇ ਕਿਹਾ ਕਿ ਚੋਣਾਂ ਦੇ ਮਾਹੌਲ ਵਿੱਚ ਅਜਿਹੇ ਸ਼ਰਾਰਤੀ ਅਨਸਰਾਂ ਵੱਲੋਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਨ ਬਾਰੇ ਪੰਜਾਬ ਸਰਕਾਰ ਨੂੰ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ।

# ਮਾਨ ਅਕਾਲੀ ਦਲ ਦੇ ਉਮੀਦਵਾਰ ਜਵਾਹਰਕੇ ਉੱਤੇ ਡੇਰਾ ਪੱਖੀਆਂ ਵੱਲੋਂ ਹਮਲਾ

ਬਠਿੰਡਾ, 2 ਮਈ (ਪੋਸਟ ਬਿਊਰੋ)- ਪਾਰਲੀਮੈਂਟਰੀ ਹਲਕਾ ਬਠਿੰਡਾ ਲਈ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਗੁਰਸੇਵਕ ਸਿੰਘ ਜਵਾਹਰਕੇ ਉੱਤੇ ਚੋਣ ਪ੍ਰਚਾਰ ਦੌਰਾਨ ਡੇਰਾ ਸਿਰਸਾ ਦੇ ਪੈਰੋਕਾਰਾਂ ਨੇ ਹਮਲਾ ਕੀਤਾ ਹੈ।

ਪਤਾ ਲੱਗਾ ਹੈ ਕਿ ਜਦੋਂ ਮਾਨਸਾ ਦੇ ਪਿੰਡ ਰਾਮਪੁਰਾ ਮੰਡੇਰ ਵਿੱਚ ਗੁਰਸੇਵਕ ਸਿੰਘ ਜਵਾਹਰਕੇ ਚੋਣ ਜਲਸੇ ਵਿੱਚ ਬੋਲ ਰਹੇ ਸਨ, ਉਦੋਂ ਇਹ ਘਟਨਾ ਵਾਪਰੀ। ਇਸ ਮੌਕੇ ਮਾਨ ਦਲ ਦੇ ਹਮਾਇਤੀ ਤੇ ਡੇਰਾ ਪੈਰੋਕਾਰ ਆਹਮੋ ਸਾਹਮਣੇ ਹੋ ਗਏ ਸਨ, ਪ੍ਰੰਤੂ ਨੁਕਸਾਨ ਤੋਂ ਬਚਾਅ ਹੋ ਗਿਆ ਹੈ। ਗੁਰਸੇਵਕ ਸਿੰਘ ਜਵਾਹਰਕੇ ਨੇ ਮਾਨਸਾ ਪੁਲਸ ਦੀ ਮਹਿਲਾ ਸਿਪਾਹੀ ਅਤੇ ਉਸ ਦੇ ਪਰਵਾਰ ਦੇ ਖਿਲਾਫ ਪੁਲਸ ਨੂੰ ਸ਼ਿਕਾਇਤ ਦੇ ਕੇ ਇਸ ਪਰਵਾਰ ਨੂੰ ਡੇਰਾ ਸੱਚਾ ਸੌਦਾ ਸਿਰਸਾ ਦੇ ਪੈਰੋਕਾਰ ਦੱਸਿਆ ਹੈ। ਉਨ੍ਹਾਂ ਨੇ ਕੱਲ੍ਹ ਬਠਿੰਡਾ ਵਿੱਚ ਪ੍ਰੈਸ ਕਾਨਫਰੰਸ 'ਚ ਦੱਸਿਆ ਕਿ ਉਨ੍ਹਾਂ ਨੇ ਮਾਨਸਾ ਪੁਲਸ ਨੂੰ ਅਗਾਊਂ ਕਿਹਾ ਹੋਇਆ ਸੀ ਕਿ ਡੇਰਾ ਸਿਰਸਾ ਦੇ ਜ਼ਮਾਨਤ ਉੱਤੇ ਆਏ ਲੋਕ ਉਨ੍ਹਾਂ ਨੂੰ ਨਿਸ਼ਾਨਾ ਬਣਾ ਸਕਦੇ ਹਨ, ਕਿਉਂਕਿ ਬੇਅਦਬੀ ਮਾਮਲੇ ਵਿੱਚ ਮੌੜ ਧਮਾਕੇ ਬਾਰੇ ਉਹ ਡੇਰਾ ਸਿਰਸਾ ਦੇ ਖਿਲਾਫ ਬੋਲਦੇ ਰਹੇ ਹਨ, ਜਿਸ ਤੋਂ ਡੇਰਾ ਪੈਰੋਕਾਰ ਨਾਰਾਜ਼ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਡੇਰਾ ਪੈਰੋਕਾਰ ਛੁਪ ਕੇ ਉਨ੍ਹਾਂ ਦੇ ਚੋਣ ਜਲਸਿਆਂ ਵਿੱਚ ਪੁੱਜੇ ਸਨ ਤੇ ਕੱਲ੍ਹ ਮੰਡੇਰ ਪਿੰਡ ਵਿੱਚ ਕੁਝ ਡੇਰਾ ਪੈਰੋਕਾਰਾਂ, ਜਿਨ੍ਹਾਂ ਵਿੱਚ ਮਹਿਲਾ ਸਿਪਾਹੀ ਸਮੇਤ ਤਿੰਨ ਔਰਤਾਂ ਸ਼ਾਮਲ ਸਨ, ਨੇ ਉਨ੍ਹਾਂ 'ਤੇ ਹਮਲਾ ਕੀਤਾ ਸੀ। ਗੁਰਸੇਵਕ ਸਿੰਘ ਜਵਾਹਰਕੇ ਨੇ ਦੱਸਿਆ ਕਿ ਮਹਿਲਾ ਸਿਪਾਹੀ ਸਟੇਜ ਤੱਕ ਪੁੱਜ ਗਈ ਸੀ ਤੇ ਪ੍ਰੇਮੀਆਂ ਨੇ ਮੌਕੇ ਉਤੇ ਉਨ੍ਹਾਂ ਨੂੰ ਧੱਕੇ ਮਾਰੇ ਅਤੇ ਰੋੜੇ ਸੁੱਟੇ ਸਨ। ਅੱਗਿਓਂ ਉਨ੍ਹਾਂ ਦੇ ਸਮਰਥਕ ਵੀ ਚੌਕੰਨੇ ਹੋ ਗਏ ਤੇ ਪੁਲਸ ਨੇ ਮੌਕਾ ਸੰਭਾਲਿਆ।

# ਗੁਰਭਜਨ ਗਿੱਲ ਦੇ ਗ਼ਜ਼ਲ ਸੰਗ੍ਰਹਿ ਰਾਵੀ 'ਚ ਵਿਰਸੇ ਤੋਂ ਵਰਤਮਾਨ ਤੀਕ ਦਾ ਦਰਦਨਾਮਾ : ਡਾ: ਐੱਸ ਪੀ ਸਿੰਘ

ਲੁਧਿਆਣਾ, 2 ਮਈ (ਗਿਆਨ ਸਿੰਘ): ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਸਹਿਯੋਗ ਨਾਲ ਕਰਵਾਏ ਸਮਾਗਮ ਵਿੱਚ ਨਾਮਵਰ ਸ਼ਾਇ-ਰ ਪ੍ਰੋ.ਗੁਰਭਜਨ ਸਿੰਘ ਗਿੱਲ ਦੇ ਗ਼ਜ਼ਲ ਸੰਗ੍ਰਹਿ "ਰਾਵੀ" ਦਾ ਦੂਜਾ ਸੰਸਕਰਨ ਲੋਕ ਅਰਪਣ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਾਬਕਾ ਵੀ ਸੀ ਡਾ.ਸ.ਪ ਸਿੰਘ ਜੀ ਨੇ ਕੀਤੀ।

ਪੰਜਾਬੀ ਸਾਹਿੱਤ ਅਕਾਡਮੀ ਦੇ ਪ੍ਰਧਾਨ ਪ੍ਰੋ: ਰਵਿੰਦਰ ਸਿੰਘ ਭੱਠਲ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਇਸ ਸਮਾਗਮ ਵਿਚ ਸ਼ਾਮਿਲ ਹੋਏ।

ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਸ.ਗੁਰਸ਼ਰਨ ਸਿੰਘ ਨਰੂਲਾ ਅਤੇ ਪ੍ਰਕਾਲਿਜ ਦੇ ਰਿੰਸੀਪਲ ਡਾ.ਅਰਵਿੰਦਰ ਸਿੰਘ ਭੱਲਾ ਨੇ ਆਏ ਮਹਿਮਾਨਾਂ ਦਾ ਰਸਮੀ ਤੌਰ 'ਤੇ ਸਵਾਗਤ ਕੀਤਾ।

ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਪ੍ਰਧਾਨ ਪ੍ਰੋ: ਰਵਿੰਦਰ ਸਿੰਘ ਭੱਠਲ ਨੇ ਇਸ ਗ਼ਜ਼ਲ ਕਿਤਾਬ ਦੀਆਂ ਰੂਪਾਕਾਰਕ ਵਿਸ਼ੇਸ਼ਤਾਵਾਂ ਦੱਸਦਿਆਂ ਕਿਹਾ ਕਿ ਇਸ ਗ਼ਜ਼ਲ ਸੰਗ੍ਰਹਿ ਦੇ ਸਰੋਕਾਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਡੂੰਘੀ ਤਰ੍ਹਾਂ ਜੁੜੇ ਹੋਏ ਹਨ।ਉਨ੍ਹਾਂ ਗੁਰਭਜਨ ਗਿੱਲ ਦੀ ਰਚਨਾ ਤੇ ਸ਼ਖ਼ਸੀਅਤ ਨੂੰ ਇੱਕ ਕਾਵਿ ਚਿਤਰ ਰਾਹੀਂ ਪੇਸ਼ ਕੀਤਾ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਸੰਪਾਦਕ ਪੰਜਾਬੀ ਤੇ ਪ੍ਰਬੁੱਧ ਵਿਦਵਾਨ ਡਾ.ਜਗਵਿੰਦਰ ਸਿੰਘ ਜੋਧਾ ਨੇ ਇਸ ਰਾਵੀ ਸੰਬੰਧੀ ਚਰਚਾ ਕਰਦਿਆਂ ਕਿਹਾ ਕਿ ਇਹ



ਮਾਨਵੀ ਚੇਤਨਾ ਨੂੰ ਜਗਾਉਣ ਵਿਚ ਅਹਿਮ ਰੋਲ ਅਦਾ ਕਰਦੀ ਹੈ

ਉਨ੍ਹਾਂ ਕਿਹਾ ਕਿ ਗ਼ਜ਼ਲ, ਗੀਤ ਆਜ਼ਾਦ ਨਜ਼ਮ ਤੇ ਹੋਰ ਕਾਵਿ ਰੂਪ ਇੱਕੋ ਜੇਹੀ ਮਹਾਰਤ ਨਾਲ ਲਿਖਣ ਵਾਲੇ ਕਵੀ ਬਹੁਤ ਥੋੜੇ ਹਨ। ਗੁਰਭਜਨ ਗਿੱਲ ਨੇ ਸਭ ਕਾਵਿਰੂਪਾਂ ਨੂੰ ਆਪਣੀ ਸਮਰਥਾ ਵਿਖਾਈ ਹੈ।

ਜੀ ਜੀ ਐੱਨ ਖਾਲਸਾ ਕਾਲਿਜ ਪੋਸਟ ਗਰੈਜੂਏਟ ਵਿਭਾਗ ਦੇ ਅਧਿਆਪਕ ਡਾ.ਮੁਨੀਸ਼ ਕੁਮਾਰ ਨੇ ਕਿਹਾ ਕਿ ਇਹ ਪੁਸਤਕ ਪੰਜਾਬੀ ਭਾਈਚਾਰੇ ਦੀ ਸਾਂਝ ਦੇ ਨਾਲ-ਨਾਲ ਮੁਨੱਖ ਦੇ ਨਿੱਕੇ-ਨਿੱਕੇ ਅਹਿਸਾਸਾਂ ਨੂੰ ਬਾਖ਼ੂਬੀ ਚਿਤਰਨ ਦਾ ਆਹਰ ਕਰਦੀ ਹੈ।

ਪੁਸਤਕ ਦੇ ਲੇਖਕ .ਗੁਰਭਜਨ ਗਿੱਲ ਨੇ ਆਪਣੀ ਇਸ ਕਾਲਿਜ ਨਾਲ ਸਿਮਰਤੀਆਂ ਨੂੰ ਵਿਦਵਾਨਾਂ ਅਤੇ ਪਾਠਕਾਂ ਨਾਲ ਸਾਂਝਾ ਕਰਦਿਆ ਕਿਹਾ ਕਿ ਕਾਵਿਕਾਰੀ ਹਮੇਸ਼ਾ ਹੀ ਮੈਨੂੰ ਹੌਸਲਾ ਤੇ ਪ੍ਰੇਰਣਾ ਦੇਂਦੀ ਰਹੀ ਹੈ।

ਇਸ ਕਾਲਿਜ ਚ 1971 ਤੋਂ 1974 ਤੀਕ ਡਾ: ਐੱਸ ਪੀ ਸਿੰਘ ਤੇ ਵੱਡੇ ਵੀਰ ਪ੍ਰਿੰ: ਜਸਵੰਤ ਸਿੰਘ ਗਿੱਲ ਤੋਂ ਮਿਲੇ ਉਤਸ਼ਾਹ ਅਤੇ ਪ੍ਰਿੰ: ਸਰਦੂਲ ਸਿੰਘ ਜੀ ਦੀ ਆਸ਼ੀਰਵਾਦ ਸਦਕਾ ਹੀ ਮੈਂ ਲਗਾਤਾਰ ਲਿਖ ਸਕਿਆ ਹਾਂ। ਇਸ ਪੁਸਤਕ ਦਾ ਦੂਜਾ ਸੰਸਕਰਨ ਚੇਤਨਾ ਪ੍ਰਕਾਸ਼ਨ ਲੁਧਿਆਣਾ ਨੇ ਪ੍ਰਕਾਸ਼ਿਤ ਕੀਤਾ ਹੈ।

ਇਸ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਡਾ.ਸ.ਪ ਸਿੰਘ ਨੇ ਕਿਹਾ ਕਿ ਰਾਵੀ ਕਾਵਿ ਪੁਸਤਕ ਵਿਰਸੇ ਤੋਂ ਵਰਤਮਾਨ ਤੀਕ ਦਾ ਦਰਦਨਾਮਾ ਹੈ। ਉਨ੍ਹਾਂ ਕਿਹਾ ਕਿ ਕਾਵਿ ਪੁਸਤਕ ਦੂਜਾ ਸੰਸਕਰਨ ਛਪਣਾ ਆਪਣੇ ਆਪ ਵਿਚ ਇਸ ਗੱਲ ਦੀ ਗਵਾਹੀ ਹੈ ਕਿ ਪੰਜਾਬੀ ਪਾਠਕ ਪੁਸਤਕ ਸਭਿਆਚਾਰ ਨਾਲ ਨਿਰੰਤਰ ਜੁੜਿਆ ਹੋਇਆ ਹੈ।ਇਸ ਸਮਾਗਮ ਦੇ ਅੰਤ ਵਿਚ ਡਾ.ਗੁਰਪ੍ਰੀਤ ਸਿੰਘ ਨੇ ਉਚੇਚੇ ਤੌਰ ਤੇ ਪਹੁੰਚੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।

ਇਸ ਸਮਾਗਮ ਵਿਚ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਦੇ ਮੈਂਬਰ ਸ.ਭਗਵੰਤ ਸਿੰਘ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ।

ਕਾਲਿਜ ਪ੍ਰਸ਼ਾਸਨ ਵੱਲੋਂ ਗੁਰਭਜਨ ਗਿੱਲ ਤੇ ਉਨ੍ਹਾਂ ਦੀ ਜੀਵਨ ਸਾਥਣ ਸਰਦਾਰਨੀ ਜਸਵਿੰਦਰ ਕੌਰ ਗਿੱਲ ਨੂੰ ਸਨਮਾਨ ਚਿੰਨ੍ਹ ਤੇ ਫੁਲਕਾਰੀ ਪਹਿਨਾ ਕੇ ਸਨਮਾਨਿਤ ਕੀਤਾ। ਗੁਰਭਜਨ ਗਿੱਲ ਦਾ ਅੱਜ 66ਵਾਂ ਜਨਮ ਦਿਨ ਹੋਣ ਕਾਰਨ ਕਾਲਿਜ ਵੱਲੋਂ ਕੇਕ ਵੀ ਕੱਟਿਆ ਗਿਆ। ਉਨ੍ਹਾਂ ਦੀ ਪੋਤਰੀ ਅਸੀਸ ਕੌਰ ਗਿੱਲ ਨੇ ਸਭ ਤੋਂ ਪਹਿਲਾਂ ਦਾਦਾ ਜੀ ਦਾ ਮੂੰਹ ਮਿੱਠਾ ਕਰਵਾਇਆ ।

ਇਸ ਵਿਸ਼ੇਸ਼ ਮੌਕੇ 'ਤੇ ਪ੍ਰੋ.ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀ.ਜੀ.ਐਨ.ਆਈ.ਐਮ.ਟੀ, ਹਰਪਾਲ ਕਨੇਚਵੀ, ਸਹਿਜਪ੍ਰੀਤ ਸਿੰਘ ਮਾਂਗਟ ,ਰਵਿੰਦਰ ਦੀਵਾਨਾ, ਤ੍ਰੈਲੋਚਨ ਲੋਚੀ, ਸ.ਪੁਨੀਤਪਾਲ ਸਿੰਘ ਗਿੱਲ ਏ ਪੀ ਆਰ ਓ ਲੁਧਿਆਣਾ , ਇਸ ਪੁਸਤਕ ਦੀ ਸੰਪਾਦਕ ਪ੍ਰੋ: ਰਵਨੀਤ ਕੌਰ ਗਿੱਲ ,ਪ੍ਰੋ.ਅਨੁਰਾਗ ਸਿੰਘ, ਹਰਪ੍ਰੀਤ ਸਿੰਘ ਸੰਧੂ ਐਡਵੋਕੇਟ,ਸਤੀਸ਼ ਗੁਲਾਟੀ, ਸਵਰਨਜੀਤ ਸਵੀ, ਡਾ: ਅਨਿਲ ਸ਼ਰਮਾ ਪੀ ਏਯੂ,ਤੇਜ ਪ੍ਰਤਾਪ ਸਿੰਘ ਸੰਧੂ, ਕਰਨਬੀਰ ਸਿੰਘ ਸਿੱਧੂ, ਜਗਦੀਸ਼ ਸਿੰਘ ਗਰੇਵਾਲ ਸਰਪੰਚ ਪਿੰਡ ਦਾਦ, ਪ੍ਰਭਦੀਪ ਸਿੰਘ ਨੱਥੋਵਾਲ ਡੀ ਪੀ ਆਰ ਓ ਲੁਧਿਆਣਾ, ਪਰਮਜੀਤ ਸਿੰਘ ਧਾਲੀਵਾਲ ਕਾਰਜਕਾਰੀ ਚੀਫ ਇੰਜਨੀਅਰ (ਰੀਟ:) ਸੰਗੀਤਾ ਭੰਡਾਰੀ,ਜਤਿੰਦਰ ਕੌਰ ਗਿੱਲ ਸੰਧੂ , ਰਾਮ ਸਿੰਘ ਅਲਬੇਲਾ, ਅਮਰਜੀਤ ਸ਼ੇਰਪੁਰੀ,ਡਾ: ਤੇਜਿੰਦਰ ਕੌਰ, ਪ੍ਰੋ: ਸ਼ਰਨਜੀਤ ਕੌਰ ਲੋਚੀ,

ਰਾਜਦੀਪ ਤੂਰ, ਹਰਬੰਸ ਮਾਲਵਾ, ਸਰਬਜੀਤ ਸਿੰਘ ਵਿਰਦੀ, ਸੁਮਿਤ ਗੁਲਾਟੀ ਆਦਿ ਨਾਮਵਰ ਸ਼ਖ਼ਸੀਅਤਾਂ ਹਾਜ਼ਰਿ ਸਨ। ਇਸ ਮੌਕੇ ਤ੍ਰੈਲੋਚਨ ਲੋਚੀ ਤੇ ਫਤਹਿਗੜ੍ਹ ਸਾਹਿਬ ਤੋਂ ਆਏ ਕਵੀ ਤੇ ਗਾਇਕ ਰਾਮ ਸਿੰਘ ਅਲਬੇਲਾ ਨੇ ਗੁਰਭਜਨ ਗਿੱਲ ਦੀਆਂ ਗ਼ਜ਼ਲਾਂ ਨੂ ਗਾ ਕੇ ਸੁਣਾਇਆ।

ਸੀਨੀਅਰ ਐਡਵੋਕੇਟ ਸ: ਹਰਪ੍ਰੀਤ ਸਿਘ ਸੰਧੂ ਨੇ ਕਿਹਾ ਕਿ ਉਹ ਇਸ ਪੁਸਤਕ ਰਾਵੀ ਦੀਆਂ 100 ਕਾਪੀ ਖਰੀਦ ਕੇ ਦੇਸ਼ ਬਦੇਸ਼ ਦੇ ਪੰਜਾਬੀ ਪਿਆਰਿਆਂ ਨੂੰ ਤੋਹਫੇ ਵਜੋਂ ਦੇਣਗੇ।






















# ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ



ਕਰਨੈਲ ਸਿੰਘ ਟੋਰੰਟੋ
416-746-7642

ਆਪ ਜੀ ਦੇ ਮਿੱਠੇ ਤੇ ਪਾਵਨ ਚਰਨਾਂ ਵਿਚ ਕੋਟਾਨਾ ਕੋਟ ਨਮਸਕਾਰ ਪ੍ਰਵਾਨ ਹੋਵੇ ਜੀ, ਆਪ ਜੀ ਦੇ ਪ੍ਰਕਾਸ਼ ਉਤਸਵ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਇਸ ਕੀਟ ਨੂੰ ਸਮਾਂ ਪ੍ਰਾਪਤ ਹੋਇਆ ਹੈ, ਆਪ ਜੀ ਕ੍ਰਿਪਾ ਕਰਕੇ ਇਸ ਕੀਟ ਦਾ ਭਰਮ ਗਵਾ ਦੇਵੋ, ਸੰਸਾ ਨਮਿਰਤ ਕਰੋ ਜੀ, ਅਤੇ ਨਾਮ ਦੀ ਦਾਤ ਬਖਸ਼ੋ ਜੀ, ਆਪ ਜੀ ਦੀ ਸਿਫਤ ਲਿਖਣ ਲਈ ਅਤੇ ਗੁਰਬਾਣੀ ਪੜ੍ਹਨ ਲਈ ਸਰੇਸ਼ਟ ਬੁੱਧੀ ਬਖਸ਼ੋ ਜੀ।

ਦੋਹਰਾ-ਆਗਿਆ ਭਈ ਅਕਾਲ ਕੀ, ਤਬੀ ਚਲਾਇਓ ਪੰਥ॥
ਸਭ ਸਿੱਖਨਿ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥
ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹ॥
ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮੈਂ ਲੇਹ॥

ਦਾਸ ਵੱਲੋਂ ਸਮੂਹ ਗੁਰੂ ਨਾਨਕ ਨਾਮ ਲੇਵਾ, ਸਾਧ ਸੰਗਤ ਤਾਈ ਲੱਖ ਲੱਖ ਵਧਾਈ ਹੋਵੇ ਜੀ, ਹੁਣ ਆਪਾਂ ਵੀਚਾਰ ਕਰਨੀ ਹੈ, ਕਿ ਗੁਰੂ ਜੀ ਸਾਡੇ ਤਾਈ ਹੁਕਮ ਕਰਦੇ ਹਨ, ਕਿ ਮਨੁੱਖਾ ਦੇਹੀ ਵਿਚ ਆਏ ਹੋ, ਏਹ ਸੁੰਦਰ ਦੇਹੀ ਵਿਚ ਪ੍ਰਭੂ ਦਾ ਨਾਮ ਜਪੋ।

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮੁ॥੧॥
ਪੰਨਾ ੧੨

ਸਤਿਗੁਰੂ ਜੀ ਕਥਨ ਕਰਦੇ ਹਨ, ਨਾਮ ਅੱਗ ਵਿਚ ਸੜਦਾ ਨਹੀਂ, ਪਾਣੀ ਵਿਚ ਗਲਦਾ ਨਹੀਂ, ਡੁੱਬਦਾ ਨਹੀਂ, ਚੋਰ ਨਾਮ ਨੂੰ ਚੁਰਾ ਨਹੀਂ ਸਕਦਾ, ਨਾਮ ਇਕ ਬਚਨ ਹੈ, ਗੁਰੂ ਗ੍ਰੰਥ ਸਾਹਿਬ ਬਹੁ ਬਚਨ ਹੈ, ਇਹ ਗੁਰਬਾਣੀ ਜੀਵਾਂ ਨੂੰ ਇਕ ਸ਼ਬਦ ਦਾ ਸਿਮਰਨ ਕਰਨ ਲਈ ਪ੍ਰੇਰਨਾ ਕਰਦੀ ਹੈ।
ਧਨਾਸਰੀ ਮਹਲਾ ੫॥

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ॥

ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ॥੧॥

ਗੁਰ ਕਾ ਬਚਨੁ ਬਸੈ ਜੀਅ ਨਾਲੇ॥ ਜਲਿ ਨਹੀ ਡੂਬੈ ਤਸਕਰੁ॥

ਨਹੀ ਲੇਵੈ ਭਾਹਿ ਨ ਸਾਕੈ ਜਾਲੇ॥ ਪੰਨਾ ੬੭੯

ਗੁਰੂ ਜੀ ਸੱਚ ਕਹਿੰਦੇ ਹਨ, ਕੋਈ ਵੀ ਦੁਨੀਆਂ ਦਾ ਪਵਿੱਤਰ ਗ੍ਰੰਥ ਹੋਵੇ, ਪਾਣੀ ਵਿਚ ਆਪਣੀ ਹਸਤੀ ਗਵਾ ਜਾਂਦਾ ਹੈ, ਅਤੇ ਅੱਗ ਵਿਚ ਵੀ ਆਪਣੀ ਹੋਂਦ ਵਿਚ ਨਹੀਂ ਰਹਿੰਦਾ, ਗ੍ਰੰਥਾਂ ਨੂੰ ਕਈ ਦਫ਼ਾ ਚੋਰ ਵੀ ਚੁਰਾ ਲੈਂਦੇ ਹਨ! ਇਹ ਸੱਚਾ ਨਾਮ ਸ੍ਰੀ ਗੁਰੂ ਗ੍ਰੰਥ ਜੀ ਦੀ ਤਾਬਿਆ ਵਿਚ ਅੰਮ੍ਰਿਤ ਛਕ ਕੇ ਪੰਜਾਂ ਪਿਆਰਿਆਂ ਦੀ ਰਸਨਾ ਤੋਂ ਪ੍ਰਾਪਤ ਹੁੰਦਾ ਹੈ, ਪੰਜ ਪਿਆਰੇ ਪੰਜ ਦਫਾ ਬੋਲ ਕੇ ਦਿੰਦੇ ਹਨ। ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ। ਇਸ ਨੂੰ ਅੰਮ੍ਰਿਤ ਛਕਣ ਵਾਲੇ ਪ੍ਰੇਮੀ ਸੁਣਕੇ ਗ੍ਰਹਿਣ ਕਰ ਲੈਂਦੇ ਹਨ, ਇਸ ਸ਼ਬਦ ਦੇ ਸਬੰਧ ਵਿਚ ਗੁਰਬਾਣੀ ਇਸ ਤਰ੍ਹਾਂ ਦੱਸਦੀ ਹੈ,

ਏਕ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥੧॥ ਪੰਨਾ ੭੯੫

ਵਾਹਿਗੁਰੂ ਵਾਹਿਗੁਰੂ ਜਿਹੜਾ ਪ੍ਰਾਣੀ ਸਾਸ ਸਾਸ ਜਪਦਾ ਹੈ, ਉਹ ਪ੍ਰਮੇਸ਼ਰ ਨੂੰ ਅਥਾਹ ਪਿਆਰਾ ਹੈ, ਉਸ ਦਾ ਆਉਣਾ ਸਫਲ ਹੁੰਦਾ ਹੈ, ਅੰਮ੍ਰਿਤ ਛੱਕਣ ਤੋਂ ਬਗੈਰ ਹਰ ਰੋਜ਼ ਬਾਣੀ ਪੜ੍ਹੀ ਜਾਵੇ, ਸੇਵਾ ਕਰੀ ਜਾਵੇ, ਦਾਨ ਪੁੰਨ ਵੀ ਕਰੀ ਜਾਵੇ, ਪਰ ਅਜੇ ਨਿਗੁਰੇ ਪੱਣ ਵਾਲਾ ਦੋਖੁ ਲਗਾ ਹੋਇਆ ਹੈ, ਅਜੇ ਗੁਰੂ ਜੀ ਕਹਿੰਦੇ ਹਨ, ਨਿਗੁਰੇ ਕਾ ਹੈ ਨਾਉ ਬੁਰਾ।

ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸ਼ਟਣਹ॥

ਕੂਕਰਹ ਸੂਕਰਹ ਗਰਭਧਹ ਕਾਕਹ ਸਰਪਨਹ ਤੁਲਿ ਖਲਹ॥ ਪੰਨਾ ੧੩੫੭

ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ, ਕਿ ਗੁਰਮੰਤ੍ਰ ਤੋਂ ਬਿਨਾਂ ਪੁਰਖ ਭ੍ਰਸ਼ਟਿਆ ਹੋਇਆ ਹੈ, ਉਹਦੇ ਆਉਣ ਨੂੰ ਧ੍ਰਿਕਾਰ ਹੈ, ਕੁੱਤਾ, ਸੂਰ, ਗਧਾ, ਕਾਂ, ਸੱਪ ਇਹਨਾਂ ਪੰਜਾਂ ਨਸ਼ਿੱਧ ਜੂਨੀ ਵਾਲਿਆਂ ਦੇ ਬਰਾਬਰ ਹੈ, ਨਾਮ ਤੋਂ ਬਿਨਾਂ ਦੁਨੀਆਂ ਦੇ ਸਾਰੇ ਕਰਮ ਧਰਮ ਜਮਾਂ ਦੀ ਮਾਰ ਤੋਂ ਨਹੀਂ ਬਚਾ ਸਕਦੇ।

ਕਰਮ ਧਰਮ ਪਾਖੰਡ ਜੋ ਦੀਸਹਿ
ਤਿਨ ਜਮੁ ਜਾਗਾਤੀ ਲੂਟੈ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ
ਨਿਮਖ ਸਿਮਰਤ ਜਿਤੁ ਛੂਟੈ॥੧॥ ਪੰਨਾ ੭੪੭

ਨਿਰਬਾਣ ਕੀਰਤਨ ਤੋਂ ਭਾਵ ਗੁਰ ਮੰਤ੍ਰ ਦਾ ਸਿਮਰਨ ਕਰੋ, ਨਾਮੁ ਤੋਂ ਖਾਲੀ ਜੋ ਮਰਜ਼ੀ ਕਰਮ ਕਰੀ ਜਾਵੇ, ਗੁਰੂ ਜੀ ਕਹਿੰਦੇ ਹਨ, ਉਸ ਰਸਤੇ ਵਿਚ ਜਮ ਲੁਟ ਲੈਂਦੇ ਹਨ, ਕੁਟਾਈ ਕਰਦੇ ਹਨ ਕਿਉਂਕਿ ਉਹਨੇ ਅਜੇ ਪਾਖੰਡ ਹੀ ਕੀਤੇ ਹਨ, ਸ੍ਰੀ ਗੁਰੂ ਅਮਰ ਦਾਸ ਜੀ 22 ਬਾਈ ਦਫਾ ਗੰਗਾ ਨਹਾਤੇ ਸਨ ਅਜੇ ਨਿਗੁਰੇ ਸਨ, ਗੁਰੂ ਅੰਗਦ ਦੇਵ ਜੀ ਦੀ ਰਸਨਾ ਤੋਂ ਨਾਮ ਪ੍ਰਾਪਤ ਕੀਤਾ ਤਾਂ ਗੁਰੂ ਵਾਲੇ ਬਣੇ ਸਨ, ਗੁਰੂ ਧਾਰਨ ਵਾਲੇ ਨੇ ਜਦੋਂ ਨਾਮ ਦਾ ਸਿਮਰਨ ਕਰਨਾ ਹੈ ਤਾਂ ਉਸ ਦੇ ਪਾਠ ਪੂਜਾ ਸੇਵਾ ਦਾਨ ਪੁੰਨ ਸਭ ਫਲ ਦਿੰਦੇ ਹਨ, ਜਮਾਂ ਨੇ ਉਸ ਦੇ ਨੇੜੇ ਆਉਣਾ ਹੀ ਨਹੀਂ, ਨਾਮ ਸਹਾਇਤਾ ਕਰੇਗਾ।

ਜਹ ਮਾਤ ਪਿਤਾ ਸੁਤ ਮੀਤ ਨਾ ਭਾਈ॥
ਮਨ ਊਹਾਨਾਮੁ ਤੇਰੈ ਸੰਗਿ ਸਹਾਈ॥
ਜਹ ਮਹਾ ਭਇਆਨ ਦੂਤ ਜਮ ਦਲੈ॥
ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥ ਪੰਨਾ ੨੬੪

ਸਤਿਗੁਰੂ ਨਾਨਕ ਦੇਵ ਜੀ ਕੁਝ ਭਵਿੱਖ ਦੇ ਸਬੰਧ ਵਿਚ ਲਿਖਦੇ ਹਨ, ਕਲਜੁਗ ਦੇ ਜੀਵਾਂ ਦਾ ਕਰਮ ਧਰਮ ਕਿਹੋ ਜਿਹਾ ਹੋਵੇਗਾ,

ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ॥
ਵੇ ਦੀਨਾ ਕੀ ਦੋਸਤੀ ਵੇ ਦੀਨਾ ਕਾ ਖਾਣੁ॥
ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ॥
ਪੰਨਾ ੭੯੦

ਭਾਵ ਕਿ ਅਗਲੇ ਸਮੇਂ ਵਿਚ ਕਲਜੁਗ ਦੇ ਪ੍ਰਭਾਵ ਕਾਰਨ ਮਨੁੱਖ ਸ਼ੁਭ ਕਰਮਾਂ ਤੋਂ ਦੂਰ ਹੋ ਜਾਣਗੇ, ਧਰਮ ਦੇ ਲਿਵਾਸ ਵਿਚ ਵੀ ਚੋਰ ਜਾਰ ਬੇਸਵਾ ਇਸਤ੍ਰੀਆਂ ਫਫੇ ਕੁਟਣੀਆਂ ਇਸਤਰੀਆਂ ਆਦਿ ਦੀਆਂ ਸੇਵਾਂਵਾਂ ਮਹਿਫਲਾਂ ਲਗਿਆ ਕਰਨਗੀਆਂ, ਇਹ ਲੋਕ ਬੜੇ ਹਰਮਨ ਪਿਆਰੇ ਹੋ ਕੇ ਮਿੱਠ ਬੋਲੜੇ ਬਣ ਕੇ ਧਰਮ ਦੀ ਕਮਾਈ ਨੂੰ ਆਪਣੇ ਮੋਢਿਆਂ 'ਤੇ ਚੁੱਕੀ ਫਿਰਨਗੇ, ਕਹਿਣਗੇ ਅਸੀਂ ਰੱਬ ਦੇ ਪਿਆਰੇ ਹਾਂ, ਏਹ ਲੋਕ ਵੇਦੀਨੇ ਧਰਮ ਤੋਂ ਸੱਖਣੇ ਹੋਣਗੇ। ਧਰਮ ਤੋਂ ਹੀਣਿਆਂ ਦੀ ਸੰਗਤ ਵਿਚ ਖਾਣਾ ਪੀਣਾ ਵੀ ਅਧਰਮੀਆਂ ਦਾ ਹੀ ਹੁੰਦਾ ਹੈ, ਅੰਮ੍ਰਿਤ ਜਾਂ ਪਵਿੱਤਰ ਨਹੀਂ ਹੁੰਦਾ, ਇਹ ਲੋਕ ਵਾਹਿਗੁਰੂ ਦੀ ਸਿਫਤ ਦੀ ਸਾਰ ਨਹੀਂ ਜਾਣਨਗੇ। ਇਹਨਾਂ ਦੇ ਹਿਰਦੇ ਵਿਚ ਸ਼ੈਤਾਨ ਦਾ ਵਾਸਾ ਹੋਵੇਗਾ। ਇਹ ਸ਼ੁਰੂ ਹੋ ਚੁੱਕੇ ਹਨ, ਗੁਰੂ ਕਿਆਂ ਦੇ ਬਚਨ ਅੱਗੇ ਤੋਂ ਅੱਗੇ ਵਧੇਗਾ ਘਟੇਗਾ ਨਹੀਂ। ਇਹਨਾਂ ਧਰਮੀਆਂ ਕੋਲ 8 ਜਾਂ 10 ਮਹਿੰਗੀਆਂ ਕਾਰਾਂ ਹਨ, ਅਤੇ 5-7 ਬਾਡੀ ਗਾਰਡ ਅਸਲੇ ਸਮੇਤ ਹੁੰਦੇ ਹਨ। ਸਰਕਾਰੇ ਦਰਬਾਰੇ ਵੀ ਇਹਨਾਂ ਧਰਮੀਆਂ ਦੀ ਪਹੁੰਚ ਹੁੰਦੀ ਹੈ। ਫਕੀਰ ਜਾਂ ਸਾਧੂ ਕੀ ਤੇ ਠਾਠ ਕੀ, ਸੁੰਦਰ ਬੰਗਲਿਆਂ ਵਿਚ ਨਿਵਾਸ ਰੱਖਦੇ ਹਨ, ਅੰਦਰ ਸ਼ੈਤਾਨ ਵਸਦਾ ਹੈ, ਇਹਨਾਂ ਧਰਮਾਤਮਾਂ ਵਿਚ ਕੋਈ ਵਿਰਲਾ ਹੀ ਰੱਬ ਦਾ ਪਿਆਰਾ ਹੋਵੇਗਾ। ਸਟੇਜਾਂ ਤੇ ਬੈਠਕੇ ਸੰਗਤਾਂ ਨੂੰ ਕਹਿਣਗੇ। ਮਾਰ ਕੰਡੇ ਨੇ ਤਪੱਸਿਆ ਕੀਤੀ ਛੱਪਰੀ ਚ; ਦਿਨ ਕੱਟ ਲਏ। ਲੋਕਾਂ ਨੂੰ ਛੱਪਰੀ 'ਚ ਦਿਨ ਕੱਟਣ ਲਈ ਪ੍ਰੇਰਣਾ ਦਿੰਦੇ ਹਨ। ਆਪ ਬੰਗਲਿਆਂ ਵਿਚ ਰਹਿੰਦੇ ਹਨ, ਅਤੇ ਪ੍ਰਚਾਰ ਸੱਚੀ ਬਾਣੀ ਦਾ ਕਰਦੇ ਹਨ। ਕਈ ਵਾਰੀ ਖਬਰਾਂ ਪੜ੍ਹੀਆਂ ਮਹਾਂਪੁਰਖ ਅੰਮ੍ਰਿਤ ਛਕਾਉਣ ਆਏ ਸਨ, ਪਰ ਇੱਕ ਪਿਆਰੇ ਨੂੰ ਕਬੂਤਰ ਬਣਾ ਕੇ ਉਡਾਰੀ ਮਰਵਾ ਦਿਤੀ, ਮਹਾਂਪੁਰਖ ਵਾਪਸ ਚਲੇ ਗਏ। ਕਈ ਵਾਰੀ ਅਖਬਾਰਾਂ 'ਚ ਪੜ੍ਹਿਆ ਹੈ ਕਿ ਮਹਾਂਪੁਰਖ ਸ਼ਰਾਬ ਪੀਤੀ 'ਚ ਡਰਾਈਵ ਕਰਦੇ ਚਾਰਜ ਹੋ ਗਏ। ਬਾਣੀ ਨੂੰ ਪੜ੍ਹਨ ਵਾਲੇ ਤਾਂ ਬੰਗਲਿਆਂ 'ਚ ਰਹਿੰਦੇ ਹਨ। ਖੂਬ ਐਸ਼ੋ ਉਸਰਤ ਕਰਦੇ ਹਨ। ਬਾਣੀ ਦੀ ਰਚਨਾ ਕਰਨ ਵਾਲੇ 3-4 ਉਦਾਸੀਆਂ ਪੈਦਲ ਤੁਰ ਕੇ ਤਕਰੀਬਨ 19 ਸਾਲ ਸਾਰੀ ਧਰਤੀ 'ਤੇ ਚੱਕਰ ਲਾ ਕੇ ਭੁੱਲੀ ਲੋਕਾਈ ਨੂੰ ਮਾਰਗ ਦੱਸਿਆ। ਰੱਬ ਦਾ ਨਾਮੁ ਜਪਾਇਆ, ਪਾਪ ਕਰਮਾਂ ਤੋਂ ਬਿਵਰਜਤ ਕੀਤਾ ਅਤੇ ਆਪ ਉਦਾਸੀ ਵਾਲੇ ਬਸਤਰ ਪਹਿਨੇ।

ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥

ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥ ਪੰਨਾ ੧੨੮੮

ਇਸ ਸ਼ਬਦ ਵਿਚ ਗੁਰੂ ਜੀ ਭਵਿੱਖ ਦੀਆਂ ਹੋਣ ਵਾਲੀਆਂ ਕਰਤੂਤਾਂ ਦੱਸਦੇ ਹਨ। ਜਿਹੜਾ ਪੁਰਸ਼ ਗਰੀਬੀ ਦੀ ਦਿਸ਼ਾ ਵਿਚ ਹੋਵੇਗਾ। ਉਸਨੂੰ ਕਲਜੁਗੀ ਜੀਵ ਪਾਤਿਸ਼ਾਹੁ ਜਾਂ ਸੇਠ ਆਖ ਕੇ ਬੋਲਣਗੇ। ਜਿਹੜਾ ਮੂਰਖ ਹੋਵੇਗਾ ਉਸਨੂੰ ਪੰਡਿਤ ਜੀ ਗਿਆਨੀ ਜੀ ਜਾਂ ਸਹੀ ਰਸਤਾ ਦੱਸਣ ਵਾਲਾ ਕਹਿਣਗੇ, ਪਰ ਅੰਦਰੋਂ ਗੁਰੂ ਜੀ ਕਹਿੰਦੇ ਮੂਰਖ ਹੋਣਗੇ। ਉਹਨਾਂ ਦਾ ਨਾਂ ਪੰਡਿਤ ਹੋਵੇਗਾ। ਇਹੋ ਜਿਹਾ ਵਰਤਾਰਾ ਵਰਤੂਗਾ। ਇਲਤ ਤੋਂ ਭਾਵ ਸ਼ਰਾਰਤੀ ਪੁਰਖ ਦੁਨੀਆਂ ਵਿਚ ਚਉਧਰੀ ਹੋਣਗੇ। ਕੂੜੀ ਤੋਂ ਭਾਵ ਝੂਠੀਆਂ ਇਸਤਰੀਆਂ ਪ੍ਰਧਾਨਗੀ ਕਰਿਆ ਕਰਨਗੀਆਂ। ਲੋਕ ਇਨ੍ਹਾਂ ਨੂੰ ਨੁਮਾਇੰਦਗੀ ਕਰਨ ਦਾ ਸਮਾਂ ਦੇਣਗੇ ਅਤੇ ਖੁਸ਼ ਹੋਣਗੇ। ਗੁਰੂ ਨਾਨਕ ਦੇਵ ਜੀ ਦੇ ਬਚਨ ਪੂਰੇ ਹੋਣੇ ਹੀ ਹਨ। ਇਹਨਾਂ ਭਵਿੱਖ ਬਾਣੀਆਂ ਕਰਕੇ ਹੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ ਫਰਜੀ ਆਨੰਦ ਕਾਰਜ ਹੋਈ ਜਾਂਦੇ ਹਨ। ਬਾਬੇ ਨਾਨਕ ਨਾਲ ਲੁੱਕ ਮਚਾਈਆਂ ਸ਼ੁਰੂ ਹੋ ਗਈਆਂ ਹਨ, ਇਹ ਇਕ ਬਹੁਤ ਹੀ ਮਹਾਂ ਪਾਪ ਹੈ, ਆਪ ਦੇ ਗੁਰੂ ਨੂੰ ਧੋਖਾ ਦੇਣਾ ਝੂਠੀ ਅਰਦਾਸ ਕਰਨੀ, ਗੁਰੂ ਜੀ ਦਾ ਨਿਰਾਦਰ ਵੀ ਹੋ ਜਾਂਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਜਿਹੜਾ ਗ੍ਰੰਥੀ ਸਿੰਘ ਗੁਰੂ ਗ੍ਰੰਥ ਸਾਹਿਬ ਦਾ ਸੇਵਾਦਾਰ ਹੈ, ਉਹ ਵੀ ਇਸ ਪਾਪ ਕਰਮ ਵਿਚ ਹਿੱਸਾ ਲੈਂਦਾ ਹੈ ਝੂਠੀ ਅਰਦਾਸ ਕਰਦਾ ਹੈ, ਹੈਰਾਨੀ ਦੀ ਗੱਲ ਇਹ ਹੈ ਕਿ ਉਹੀ ਲੋਕ ਕਹਿੰਦੇ ਹਨ, ਅਸੀਂ ਗੁਰੂ ਗ੍ਰੰਥ ਦਾ ਪ੍ਰਚਾਰ ਇੰਟਰਨੈਸ਼ਨਲ ਸੱਤਾ 'ਤੇ ਲੈ ਜਾਣਾ ਹੈ, ਕੀ ਉਨ੍ਹਾਂ ਲੋਕਾਂ ਨੂੰ ਵੀ ਦੱਸੋਗੇ ਕਿ ਪਦਾਰਥਾਂ ਦੀ ਭੁਖ ਕਾਰਨ ਅਸੀਂ ਆਪਣੇ ਗੁਰੂ ਨਾਲ ਝੂਠਾ ਡਰਾਮਾ ਵੀ ਖੇਲ ਲੈਂਦੇ ਹਾਂ, ਸਾਰੀ ਸ੍ਰਿਸ਼ਟੀ ਵਿਚ ਜਿੰਨੇ ਪਾਪ ਹਨ, ਸਭ ਤੋਂ ਵੱਧ ਮਹਾਂ ਪਾਪ ਆਪ ਦੇ ਗੁਰੂ ਦਾ ਨਿਰਾਦਰ ਕਰਨਾ ਹੈ ਕਿਉਂਕਿ ਗੁਰੂ ਸਾਹਿਬ ਦਾ ਹੁਕਮ ਹੈ, ਗੁਰੂ ਹੀ ਆਪਣੇ ਸਿੱਖਾਂ ਨੂੰ ਜਮਾਂ ਦੀ ਫਾਸੀ ਤੋਂ ਛਡਾਉਂਦਾ ਹੈ, ਗੁਰੂ ਆਗਿਆਕਾਰੀ ਸਿੱਖਾਂ ਨੂੰ ਛਡਾਏਗਾ, ਖਾਲੀ ਡਰਾਮੇ ਖੇਲਣ ਵਾਲਿਆਂ ਨੂੰ ਨਹੀਂ। ਪਾਪੀਆਂ ਨੂੰ ਤੇਲ ਦੇ ਕੜਾਹਿਆਂ ਵਿਚ ਸੁੱਟਿਆ ਜਾਂਦਾ ਨਰਕਾਂ ਵਿਚ! ਗੁਰੂ ਜੀ ਨੇ ਉਹ ਨਰਕ ਦੇਖੇ ਹਨ, ਉਥੇ ਕੀ ਹੁੰਦਾ ਹੈ, ਸੁਣੋ ਜਰਾ-

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥
ਤਲਬਾ ਪਉਸਨਿ ਆਕੀਆਂ ਬਾਕੀ ਜਿਨਾ ਰਹੀ॥
ਅਜਰਾਈਲੁ ਫਰੇਸਤਾ ਹੋਸੀ ਆਇ ਤਈ॥
ਆਵਣੁ ਜਾਣੁਨ ਸੁਝਈ ਭੀੜੀ ਗਲੀ ਫਹੀ॥
ਕੂੜ ਨਿਖੁਟੇ ਨਾਨਕਾ ਓੜਕ ਸਚ ਰਹੀ॥ ਪੰਨਾ ੯੫੩

ਭਾਵ ਕੇ ਗੁਰੂ ਗ੍ਰੰਥ ਸਾਹਿਬ ਸਾਨੂੰ ਕਹਿੰਦੇ ਹਨ, ਜਿਨ੍ਹਾਂ ਦਾ ਅਸੀਂ ਬੜੇ ਚਾਵਾਂ ਨਾਲ ਪ੍ਰਕਾਸ਼ ਉਤਸਵ ਮਨਾਇਆ ਹੈ। ਐ ਦੁਨੀਆ ਦੇ ਲੋਕੋ ਅਸੀ ਸੱਚ ਸਿੱਖਿਆ ਦਿੰਦੇ ਹਾਂ। ਤੇਰੇ ਕੀਤੇ ਹੋਏ ਪਾਪ ਕਰਮਾਂ ਦਾ ਤੇਰੀ ਵਹੀ ਕੱਢ ਕੇ ਲੇਖਾ ਲੈਣਾ ਹੈ ਰੱਬ ਨੇ, ਜਿਹੜੇ ਆਕੀ ਹੋਏ ਫਿਰਦੇ ਨੇ ਉਨ੍ਹਾਂ ਦੀਆਂ ਤਰੀਕਾਂ ਪੈਣਗੀਆਂ। ਧਰਮ ਰਾਜੇ ਦੇ ਦਰਬਾਰ ਵਿਚ। ਧਰਮ ਰਾਏ ਪਾਪ ਕਰਮ ਦੇਖ ਕੇ ਅਜਰਾਈਲ ਫਰਿਸ਼ਤੇ ਨੂੰ ਹੁਕਮ ਦਿੰਦਾ ਹੈ, ਉਹੋ ਬਹੁਤ ਕੁਟਾਈ ਕਰਦਾ। ਅਜਰਾਈਲ ਫਰੇਸਤਾ ਗੱਲ ਵਿਚ ਫਾਸੀ ਪਾ ਕੇ ਤਸੀਹੇ ਦਿੰਦਾ ਹੈ। ਉਥੇ ਭੱਜਣ ਦੀ ਕੋਈ ਜਗ੍ਹਾ ਨਹੀਂ ਮਿਲਦੀ। ਕੂੜ ਨਿਖੁਟੇ ਤੋਂ ਭਾਵ ਝੂਠੇ ਪਾਪ ਕਰਮ ਤੇਰੇ ਲਈ ਦੁਖਦਾਇਕ ਹੋ ਜਾਣਗੇ। ਸੱਚ ਤੇਰੇ ਕੰਮ ਆਏਗਾ, ਸੱਚ ਬੋਲ ਅਤੇ ਨਾਮ ਜਪ ਲੈ। ਅਜੇ ਵੇਲਾ ਹੈ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਰੋ-ਰੋ ਕੇ ਬੇਨਤੀਆਂ ਕਰੋ ਤਾਂ ਗੁਰੂ ਜੀ ਬਖਸ਼ਸ਼ ਕਰ ਸਕਦੇ ਹਨ! ਗੁਹਾਟੀ ਆਸਾਮ ਦੇਸ਼ ਵਿਚ ਜਾਦੂਗਰਨੀਆਂ ਨੇ ਮਰਦਾਨੇ ਨੂੰ ਭੇਡੂ ਬਣਾ ਲਿਆ ਸੀ, ਗੁਰੂ ਨਾਨਕ ਦੇਵ ਜੀ ਨੇ ਜਾਦੂਗਰਨੀਆਂ ਗਧੀਆਂ ਬਣਾ ਦਿਤੀਆਂ, ਘਾਹ ਚੁਗਦੀਆਂ ਫਿਰਦੀਆਂ ਸਨ। ਉਹਨਾਂ ਦੇ ਛੋਟੇ ਬੱਚੇ ਦੁੱਧ ਚੁੰਘਦੇ ਭੁੱਖੇ ਰੋ ਰਹੇ ਸੀ, ਉਹਨਾਂ ਦੇ ਆਦਮੀਆਂ ਨੇ ਗੁਰੂ ਦੇ ਚਰਨਾਂ ਤੇ ਢਹਿ ਕੇ ਰੋ ਰੋ ਕੇ ਮਿੰਨਤਾਂ ਤਰਲੇ ਕੀਤੇ, ਸਾਡੀਆਂ ਇਸਤਰੀਆਂ ਨੂੰ ਬਖਸ਼ ਦੇਵੋ, ਗੁਰੂ ਜੀ ਨੇ ਕਿਹਾ ਇਹ ਪਾਪ ਕਰਨੇ ਛੱਡੋ ਆਏ ਪਰਦੇਸੀ ਦੀ ਸੇਵਾ ਕਰੋ ਅਤੇ ਧਰਮਸਾਲ ਬਣਾ ਕੇ ਸਤਿਸੰਗ ਕਰੋ। ਗੁਰੂ ਜੀ ਨੇ ਬਖਸ਼ ਦਿਤੀਆਂ ਸੀ, ਤੀਵੀਆਂ ਬਣ ਕੇ ਚਰਨਾਂ 'ਤੇ ਡਿੱਗੀਆਂ ਸਨ। ਅੱਜ ਗੁਹਾਟੀ ਵਿਚ ਗੁਰੂ ਜੀ ਦਾ ਧਰਮਸਾਲਾ ਤੋਂ ਬਦਲ ਕੇ ਨਾਮ ਗੁਰਦੁਆਰਾ ਹੈ, ਅਤੇ ਸੱਜਣ ਠੱਗ ਨੂੰ ਬਖਸ਼ ਦਿਤਾ ਸੀ, ਕੌਡੇ ਰਾਖਸ਼ ਨੂੰ ਬਖਸ਼ ਦਿਤਾ ਸੀ, ਹੋਰ ਅਨੇਕਾਂ ਬਖਸ਼ੇ ਸਨ, ਉਹ ਨਿਰਵੈਰ ਹਨ ਕਿਸੇ ਨਾਲ ਵੈਰ ਨਹੀਂ ਰੱਖਦੇ, ਉਨ੍ਹਾਂ ਦਾ ਉਪਦੇਸ਼ ਪੂਰੀ ਲੋਕਾਈ ਲਈ ਹੈ, ਕਿਸੇ ਇਕ ਫਿਰਕੇ ਲਈ ਨਹੀਂ ਹੈ। ਦਾਸ ਹੋਈਆਂ ਭੁੱਲਾਂ ਦੀ ਮਾਫੀ ਚਾਹੁੰਦਾ ਹੈ ਜੀ। ਤੁਹਾਡੀਆਂ ਕਾਲਾਂ ਆਉਣ ਤੇ ਧੰਨਵਾਦ।

## ਮਿੰਨੀ ਕਹਾਣੀਆਂ

### ਮੌਕਾਪ੍ਰਸਤ

-ਅਮਰੀਕ ਸਿੰਘ ਤਲਵੰਡੀ ਕਲਾਂ

ਪਿੰਡ ਫਕੀਰ ਦੀ ਸਮਾਧ ਉੱਤੇ ਲੱਗੇ ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਮੰਤਰੀ ਜੀ ਬੋਲ ਰਹੇ ਸਨ, 'ਇਹ ਬੜਾ ਪਵਿੱਤਰ ਸਥਾਨ ਹੈ, ਇਸ ਜਗ੍ਹਾ ਬੜੀ ਸ਼ਕਤੀ, ਫਕੀਰ ਪੁੱਜੇ ਹੋਏ ਸਨ। ਤੁਹਾਡੇ ਸੱਚੇ ਦਿਲੋਂ ਸੁੱਖੀ ਹਰ ਸੁੱਖ ਏਥੇ ਪੂਰੀ ਹੋ ਸਕਦੀ ਹੈ। ਗੱਲ ਪੂਰਨ ਸ਼ਰਧਾ ਦੀ ਹੈ।' ਉਸੇ ਦਿਨ ਬਾਅਦ ਦੁਪਹਿਰ ਮੰਤਰੀ ਜੀ ਤਰਕਸ਼ੀਲਾਂ ਦੇ ਮੇਲੇ ਵਿੱਚ ਪ੍ਰਧਾਨਗੀ ਭਾਸ਼ਨ ਵਿੱਚ ਬੋਲ ਰਹੇ ਸਨ, 'ਅਸੀਂ ਇੱਕੀਵੀਂ ਸਦੀ ਵਿੱਚ ਦਾਖਲ ਹੋ ਗਏ ਹਾਂ। ਵਿਗਿਆਨ ਦਾ ਯੁੱਗ ਹੈ। ਵਿ-ਗਆਨਕ ਸੋਚ ਅਪਣਾਓ ਤਾਂ ਕਿ ਆਪਾਂ ਤੇਜ਼ ਮੁਕਾਬਲੇ ਦੇ ਯੁੱਗ ਵਿੱਚ ਬਾਕੀ ਦੇਸ਼ਾਂ ਨਾਲ ਮੁਕਾਬਲਾ ਕਰ ਸਕੀਏ। ਕੋਈ ਗੈਬੀ ਸ਼ਕਤੀ ਨਹੀਂ ਹੁੰਦੀ। ਟੂਣੇ ਟਾਮਣ ਧਾਗੇ ਤਵੀਤ ਵਿੱਚ ਕੋਈ ਕਰਾਮਾਤ ਨਹੀਂ ਹੁੰਦੀ। ਇਹ ਵਹਿਮ ਭਰਮ ਵਿਹਲੇ ਲੋਕਾਂ ਦੇ ਸ਼ੈਤਾਨੀ ਦਿਮਾਗ ਦੀ ਕਾਢ ਹਨ। ਆਓ, ਅੱਜ ਤੋਂ ਪ੍ਰਣ ਕਰੀਏ ਕਿ ਮੜ੍ਹੀਆਂ ਮਸਾਣਾਂ ਨੂੰ ਮੱਥੇ ਨਹੀਂ ਟੇਕਾਂਗੇ। ਵਿਗਿਆਨਕ ਸੋਚ ਆਪਣਾ ਕੇ ਵਹਿਮਾਂ ਭਰਮਾਂ ਤੋਂ ਮੁਕਤ ਸਮਾਜ ਦੀ ਸਿਰਜਣਾ ਕਰਾਂਗੇ।

### ਫਰਕ

-ਜਗਤਾਰ ਰਤਨ ਭਾਈਰੂਪਾ

ਵੋਟਾਂ ਦੇ ਦਿਨ ਸਨ। ਮੈਂ ਸ਼ਹਿਰ ਦੇ ਰੇਲਵੇ ਫਾਟਕ ਕੋਲ ਖੜਾ ਪਿੰਡ ਜਾਣ ਵਾਲੀ ਬੱਸ ਦਾ ਇੰਤਜ਼ਾਰ ਕਰ ਰਿਹਾ ਸੀ। ਕੁਝ ਸਮੇਂ ਬਾਅਦ ਫਾਟਕ ਬੰਦ ਹੋ ਗਿਆ। ਟਰੈਫਿਕ ਜਾਮ ਹੋਣ ਲੱਗ ਪਿਆ। ਕੁਝ ਸਮੇਂ ਨੂੰ ਵੋਟਾਂ ਵਿੱਚ ਕਿਸਮਤ ਅਜ਼ਮਾ ਰਹੇ ਇਕ ਉਮੀਦਵਾਰ ਦੀਆਂ ਪੰਜ ਛੇ ਗੱਡੀਆਂ ਦਾ ਕਾਫਲਾ ਆਇਆ। ਗੱਡੀਆਂ ਖੜ੍ਹਨ ਸਾਰ ਉਮੀਦਵਾਰ ਗੱਡੀ ਵਿੱਚੋਂ ਉੱਤਰਿਆ ਤੇ ਉਥੇ ਖੜੇ ਹਰ ਵਿਅਕਤੀ ਨਾਲ ਹੱਥ ਮਿਲਾ ਕੇ, ਵੱਡਿਆਂ ਦੇ ਪੈਰੀਂ ਹੱਥ ਲਾ ਕੇ ਆਪਣੇ ਹੱਕ 'ਚ ਵੋਟਾਂ ਪਾਉਣ ਦੀ ਅਪੀਲ ਕਰ ਰਿਹਾ ਸੀ। ਕੁਝ ਸਮੇਂ ਬਾਅਦ ਫਾਟਕ ਖੁੱਲ੍ਹ ਗਿਆ ਅਤੇ ਸਾਰਾ ਟਰੈਫਿਕ ਵੀ ਚੱਲ ਪਿਆ।

ਕੁਝ ਦਿਨਾਂ ਬਾਅਦ ਚੋਣਾਂ ਹੋਈਆਂ। ਇਹ ਉਮੀਦਵਾਰ ਵੋਟਾਂ ਵਿੱਚ ਜਿੱਤ ਗਿਆ ਸੀ ਅਤੇ ਥੋੜ੍ਹੇ ਦਿਨਾਂ ਬਾਅਦ ਹੀ ਮੰਤਰੀ ਬਣਨ ਦਾ ਸੁਭਾਗ ਪ੍ਰਾਪਤ ਹੋ ਗਿਆ।

ਸਮਾਂ ਆਪਣੀ ਚਾਲ ਚੱਲਦਾ ਰਿਹਾ। ਤਕਰੀਬਨ ਛੇ ਕੁ ਮਹੀਨਿਆਂ ਬਾਅਦ ਸਬੱਬ ਨਾਲ ਫਿਰ ਮੈਂ ਉਸੇ ਫਾਟਕ ਕੋਲ ਖੜ੍ਹਾ ਸੀ। ਫਾਟਕ ਬੰਦ ਹੋਣ ਕਾਰਨ ਟਰੈਫਿਕ ਜਾਮ ਹੋ ਗਿਆ। ਚੋਣਾਂ ਜਿੱਤ ਕੇ ਬਣੇ ਮੰਤਰੀ ਦੀਆਂ ਗੱਡੀਆਂ ਦਾ ਕਾਫਲਾ ਹੂਟਰ ਮਾਰਦਾ ਇਕਦਮ ਆ ਕੇ ਰੁਕ ਗਿਆ। ਗੱਡੀਆਂ ਰੁਕਣ ਸਾਰ ਸੁਰੱਖਿਆ ਅਮਲੇ ਨੇ ਮੰਤਰੀ ਜੀ ਦੀ ਗੱਡੀ ਨੂੰ ਘੇਰਾ ਪਾ ਲਿਆ। ਸਾਰੀ ਜਨਤਾ ਨੂੰ ਦੂਰ ਕਰ ਦਿੱਤਾ ਅਤੇ ਮੰਤਰੀ ਜੀ ਕਾਲੇ ਸ਼ੀਸ਼ਿਆਂ ਵਾਲੀ ਏ ਸੀ ਗੱਡੀ ਵਿੱਚ ਆਰਾਮ ਫਰਮਾ ਰਹੇ ਸਨ ਅਤੇ ਮੈਂ ਸਮੇਂ-ਸਮੇਂ ਦੇ ਫਰਕ ਬਾਰੇ ਸੋਚ ਰਿਹਾ ਸੀ।

TCMPLUS
10 YEARS' FAMOUS TRADITIONAL CHINESE MEDICINE CLINIC
Herbal and Acupuncture.
Treat your roots, Real Result "NO FAKE".
WE TREAT:
✔ Diabetes ✔ High Blood Pressure
✔ Low Energy ✔ Cron's Disease
✔ Depression ✔ Colitis
✔ Anxiety ✔ Stress
✔ Gout ✔ Acid Reflux
✔ Disc Pain ✔ Digestive
✔ Prostatitis ✔ Sleep Disorder
1st Month Discount
FREE CONSULTATION: 905-415-6999
30 Wertheim court, Unit 11, Richmond Hill

ਜ਼ਰੂਰ ਜਾਣੋ; ਗਿਆਨ ਗੰਗਾ
॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥
• ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
• ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
• ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
• ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
• ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
• ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
• ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
• ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
• ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
• ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
• ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
• ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?



ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005
Century 21 President Realty Inc Brokerage Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

ੴ ਸਤਿਗੁਰ ਪ੍ਰਸਾਦਿ ॥

# ਧੰਨ ਧੰਨ ਗੁਰੂ ਨਾਨਕ ਦੇਵ ਜੀ ਦੇ 550 ਪ੍ਰਕਾਸ਼ ਦਿਹਾੜੇ ਅਤੇ ਖਾਲਸੇ ਦੇ 320ਵੇਂ ਸਾਜਨਾ ਦਿਵਸ ਨੂੰ ਸਮਰਪਿਤ

## ਓਨਟੇਰਿਓ ਗੁਰਦੁਆਰਾਜ਼ ਕਮੇਟੀ ਵਲੋਂ

# ਮਹਾਨ ਨਗਰ ਕੀਰਤਨ

## ਮਾਲਟਨ ਗੁਰਦੁਆਰਾ ਸਾਹਿਬ ਤੋਂ ਰੈਕਸਡੇਲ ਗੁਰਦੁਆਰਾ ਸਾਹਿਬ

# 5 ਮਈ ਐਤਵਾਰ




ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ 5 ਮਈ ਦਿਨ ਐਤਵਾਰ ਸਵੇਰੇ 8:00 ਵਜੇ ਤੋਂ 12:00 ਵਜੇ ਤੱਕ ਮਾਲਟਨ ਗੁਰਦੁਆਰਾ ਸਾਹਿਬ ਵਿਖੇ ਮਹਾਨ ਕੀਰਤਨ ਦਰਬਾਰ ਸਜਣਗੇ. ਦੁਪਹਿਰ ਦੇ 12:30 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਪੂਰੇ ਸ਼ਾਨੋ-ਸ਼ੌਕਤ ਨਾਲ ਨਗਰ ਕੀਰਤਨ ਮੌਰਨਿੰਗਸਟਾਰ ਤੋਂ ਹੁੰਦਾ ਹੋਇਆ ਹੰਬਰਵੁਡ ਤੋਂ ਹੰਬਰਲਾਈਨ ਤੋਂ ਫਿੰਚ ਐਵੇਨਿਊ ਤੋਂ ਵੈਸਟਮੋਰ ਡਰਾਈਵ ਤੋਂ ਹੋ ਕੇ ਸਿੱਖ ਸਪਿਰਚੁਅਲ ਸੈਂਟਰ ਰੈਕਸਡੇਲ ਗੁਰਦੁਆਰਾ ਸਾਹਿਬ ਪਹੁੰਚਣਗੇ.



## Dhadi Darbar

Saturday at Rexdale
7:00 to 9:00 pm


## Buses Pick Up and Drop off Route

- Humber College
- Oakville Gurdwara Sahib
- Mississauga Gurdwara Sahib
- Golden Grocery (Charles Blvd.)
- Nanaksar Gurdwara Sahib (Mclaughlin Rd)
- Dashmesh Darbar Sahib (Gore Road Plaza)
- Dixie & Peter Robertson (Guru Nanak Mission)
- Fortino Plaza (Mountainash & Bovaird)
- Brampton Gurdwara Sahib (Glidden Road)
- Brampton Gurdwara Sahib (Regan Road)
- Rexdale to Malton Gurdwara Sahib
- Malton to Rexdale Gurdwara Sahib
- Gurdwara Jot Parkash (Williams Pkwy.)
- Guru Ravidas Sabha Burlington
- Oshwa Gurudwara Sahib

## ਜਰੂਰੀ ਸੂਚਨਾ

- ਸਿਟੀ ਦੇ ਨਵੇਂ ਨਿਯਮਾਂ ਅਨੁਸਾਰ ਨਗਰ ਕੀਰਤਨ ਜਾਂ ਰਸਤੇ ਵਿਚ ਲੰਗਰ ਲਾਉਣ ਸੰਬੰਧੀ ਪਰਮਿਟ ਲੈਣ ਲਈ ਗੁਰੂਦਆਰਾ ਕਮੇਟੀ ਨਾਲ ਸੰਪਰਕ ਕਰੋ
- ਏਅਰਪੋਰਟ ਰੋਡ ਤੋਂ ਗੋਰਵੇ ਡਰਾਈਵ ਤੱਕ ਕੇਵਲ ਪਾਣੀ ਅਤੇ ਕੋਲਡ ਡਰਿੰਕਸ ਹੀ ਵਰਤਾਏ ਜਾਣ
- ਸੇਫਟੀ ਨੂੰ ਮੁੱਖ ਰੱਖਦੇ ਹੋਏ ਕੋਈ ਵੀ ਗੈਸ ਵਾਲੇ ਗੁਬਾਰੇ ਨਾ ਵਰਤੇ ਜਾਣ
- ਰੀਸਾਈਕਲ ਕੀਤੀਆਂ ਜਾਣ ਵਾਲੀਆਂ ਚੀਜ਼ਾਂ ਰੀਸਾਈਕਲ ਬੈਗ ਵਿਚ ਹੀ ਪਾਈਆਂ ਜਾਣ
- ਵਾਤਾਵਰਣ ਦਾ ਧਿਆਨ ਰਖਦੇ ਹੋਏ ਫੋਮ ਦੀ ਬਜਾਏ ਕਾਗਜ਼ ਦੇ ਬਰਤਨਾਂ ਦਾ ਇਸਤੇਮਾਲ ਕੀਤਾ ਜਾਵੇ

**ਸਮੂਹ ਸੰਗਤ ਨੂੰ ਕੇਸਰੀ ਦਸਤਾਰਾਂ ਸਜਾ ਕੇ ਅਤੇ ਕੇਸਰੀ ਦੁਪੱਟੇ ਲੈ ਕੇ ਆਉਣ ਦੀ ਸਨਿਮਰ ਬੇਨਤੀ ਕੀਤੀ ਜਾਂਦੀ ਹੈ.**




For more information contact:
**Sikh Spiritual Centre, Toronto**
**416-746-6666**
**Sri Guru Singh Sabha, Malton**
**905-671-1662**

Avtar Singh Vanvait 647-702-4070
Charanjit Singh 519-572-0802
Sulinder Singh 416-565-2964
Gurmail Singh Nirman 416-997-3631
Prempal Singh Hamilton 905-905-2310
Inderjit Singh 289-752-7173
Major Singh 416-858-8011
Harvinderpal Singh Ruby 647-629-4041
Amarjit Singh Mann 647-822-3608
Jagtarn Singh Sekhon 416-566-3111



## ਪੰਜਾਬ ਸਰਕਾਰ ਨੇ ਖਜ਼ਾਨੇ ਤੋਂ ਅਦਾਇਗੀਆਂ 'ਤੇ ਅਣਐਲਾਨੀ ਰੋਕ ਲਾਈ ਗਈ

ਚੰਡੀਗੜ੍ਹ, 2 ਮਈ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਕੱਲ੍ਹ ਪਹਿਲੀ ਮਈ ਨੂੰ ਆਪਣੇ ਸਰਕਾਰੀ ਮੁਲਾਜ਼ਮਾਂ ਦੀਆਂ ਤਨਖਾਹਾਂ 'ਤੇ ਅਣਐਲਾਨੀ ਰੋਕ ਲਾ ਦਿੱਤੀ ਹੈ। ਪਤਾ ਲੱਗਾ ਹੈ ਕਿ ਕੱਲ੍ਹ ਦੁਪਹਿਰ ਬਾਅਦ ਚੰਡੀਗੜ੍ਹ ਤੋਂ ਵਿੱਤ ਵਿਭਾਗ ਨੇ ਸਾਰੇ ਜ਼ਿਲਿਆਂ ਦੇ ਸਮੂਹ ਖਜ਼ਾਨਾ ਦਫਤਰਾਂ ਦੇ ਅਧਿਕਾਰੀਆਂ ਨੂੰ ਫੋਨ ਕਰ ਕੇ ਹਾਲ ਦੀ ਘੜੀ ਤਨਖਾਹਾਂ ਸਮੇਤ ਹਰ ਤਰ੍ਹਾਂ ਦੀਆਂ ਅਦਾਇਗੀਆਂ ਰੋਕ ਦੇਣ ਦੇ ਆਦੇਸ਼ ਦਿੱਤੇ ਹਨ।

ਜਾਣਕਾਰ ਸੂਤਰਾਂ ਅਨੁਸਾਰ ਖਜ਼ਾਨਾ ਦਫਤਰਾਂ ਵਿੱਚ ਪਹਿਲਾਂ ਵੀ ਕਈ ਤਰ੍ਹਾਂ ਦੀਆਂ ਅਦਾਇਗੀਆਂ ਕੁਝ ਸਮੇਂ ਤੋਂ ਰੁਕੀਆਂ ਪਈਆਂ ਸਨ, ਜਿਨ੍ਹਾਂ ਵਿੱਚ ਜੀ ਪੀ ਫੰਡ ਦੇ ਐਡਵਾਂਸ, ਵੱਖ-ਵੱਖ ਤਰ੍ਹਾਂ ਦੇ ਬਕਾਏ, ਮੈਡੀਕਲ ਬਿੱਲ, ਦਫਤਰਾਂ ਦੇ ਖਰਚਿਆਂ ਦੇ ਬਿੱਲ ਆਦਿ ਸ਼ਾਮਲ ਹਨ। ਸਮੇਂ-ਸਮੇਂ ਸੇਵਾਮੁਕਤ ਹੁੰਦੇ ਮੁਲਾਜ਼ਮਾਂ ਅਤੇ ਅਧਿਕਾਰੀਆਂ ਨੂੰ ਲੰਮਾ ਸਮਾਂ ਉਨ੍ਹਾਂ ਦੀਆਂ ਅੰਤਿਮ ਅਦਾਇਗੀਆਂ ਵਜੋਂ ਜੀ ਪੀ ਫੰਡ, ਗਰੈਚੂਟੀ, ਲੀਵ ਇਨ ਕੈਸ਼ਮੈਂਟ ਆਦਿ ਅਦਾਇਗੀ ਵੀ ਨਹੀਂ ਕੀਤੀ ਜਾ ਰਹੀ। ਪੰਜਾਬ ਸਰਕਾਰ ਪਹਿਲਾਂ ਵੀ ਜ਼ੁਬਾਨੀ ਹੁਕਮ ਕਰਕੇ ਤਨਖਾਹਾਂ ਸਮੇਤ ਹੋਰ ਅਦਾਇਗੀਆਂ ਰੋਕਦੀ ਰਹੀ ਹੈ। ਦੂਸਰੇ ਪਾਸੇ ਪਹਿਲਾਂ ਹੀ ਮੁਲਾਜ਼ਮਾਂ ਦਾ 15 ਫੀਸਦੀ ਡੀ ਏ ਤਿੰਨ ਕਿਸ਼ਤਾਂ ਦੇ ਰੂਪ ਵਿੱਚ ਰੋਕ ਦੇਣ ਨਾਲ ਮੁਲਾਜ਼ਮਾਂ ਵਿੱਚ ਰੋਸ ਹੈ। ਪਿਛਲੀ ਬਾਦਲ ਸਰਕਾਰ ਵੇਲੇ ਵੀ ਖਜ਼ਾਨਾ ਦਫਤਰਾਂ ਨੂੰ ਫੋਨ ਉਤੇ ਹੁਕਮ ਦੇ ਕੇ ਅਦਾਇਗੀਆਂ ਰੋਕਣ ਦਾ ਕੰਮ ਚੱਲਦਾ ਰਿਹਾ ਹੈ। ਪੰਜਾਬ ਦੇ ਖਜ਼ਾਨੇ ਦੀ ਹਾਲਤ ਹਾਲ ਦੀ ਘੜੀ ਸੁਧਰ ਨਹੀਂ ਰਹੀ।

## ਅਸਲਾ ਲਾਇਸੈਂਸ ਘੁਟਾਲੇ ਵਿੱਚ ਸਾਬਕਾ ਐਸ ਐਸ ਪੀ ਫੇਰੂਰਾਏ ਸਮੇਤ 11 ਜਣੇ ਬਰੀ

ਐਸ ਐਸ ਏ ਨਗਰ, 2 ਮਈ (ਪੋਸਟ ਬਿਊਰੋ)- ਸੀ ਬੀ ਆਈ ਦੇ ਵਿਸ਼ੇਸ਼ ਜੱਜ ਐਨ ਐਸ ਗਿੱਲ ਦੀ ਅਦਾਲਤ ਨੇ ਸਾਬਕਾ ਐਸ ਐਸ ਪੀ ਫਿਰੋਜ਼ਪੁਰ ਗੁਰਚਰਨ ਸਿੰਘ ਫੇਰੂਰਾਏ ਸਣੇ 11 ਜਣਿਆਂ ਨੂੰ ਅਸਲਾ ਲਾਇਸੈਂਸ ਕੇਸ ਵਿੱਚ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਹੈ। ਇਸ ਕੇਸ ਦੇ ਦੋ ਮੁਲਜ਼ਮਾਂ ਨੂੰ ਭਗੌੜਾ ਕਰਾਰ ਦਿੱਤਾ ਜਾ ਚੁੱਕਾ ਹੈ।

ਵਰਨਣ ਯੋਗ ਹੈ ਕਿ ਸਾਲ 2002 ਵਿੱਚ ਸਾਹਮਣੇ ਆਏ ਇਸ ਘੁਟਾਲੇ ਦੀ ਜਾਂਚ ਸੀ ਬੀ ਆਈ ਕਰ ਰਹੀ ਸੀ, ਜਿਸ ਨੇ ਇਸ ਕੇਸ ਵਿੱਚ ਸਾਬਕਾ ਐਸ ਐਸ ਪੀ ਗੁਰਚਰਨ ਸਿੰਘ ਫੇਰੂਰਾਏ, ਊਧਮ ਸਿੰਘ, ਦਲਜੀਤ ਸਿੰਘ, ਜਰਨੈਲ ਸਿੰਘ, ਗੁਰਦੀਪ ਸਿੰਘ, ਉਸ ਦੇ ਭਰਾ ਹਰਪਿੰਦਰ ਸਿੰਘ, ਦਰਸ਼ਨ ਸਿੰਘ, ਮੱਘਰ ਸਿੰਘ, ਮਨਮਿੰਦਰ ਸਿੰਘ, ਬਲਰਾਜ ਸਿੰਘ, ਸੁਖਦੇਵ ਸਿੰਘ, ਹਰਪ੍ਰੀਤ ਸਿੰਘ, ਗੁਰਦਿਆਲ ਸਿੰਘ ਅਤੇ ਹੌਲਦਾਰ ਜਰਨੈਲ ਸਿੰਘ ਨੂੰ ਨਾਮਜ਼ਦ ਕੀਤਾ ਸੀ। ਕੇਸ ਦੇ ਟਰਾਇਲ ਦੌਰਾਨ ਗੁਰਦਿਆਲ ਸਿੰਘ ਦੀ ਮੌਤ ਹੋ ਗਈ ਅਤੇ ਹਰਪਿੰਦਰ ਸਿੰਘ ਅਤੇ ਬਰਰਾਜ ਸਿੰਘ ਨੂੰ ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤਾ ਜਾ ਚੁੱਕਾ ਹੈ। ਸਾਲ 2002 ਵਿੱਚ ਉਕਤ ਕੇਸ ਦੀ ਜਾਂਚ ਉਪਰੰਤ ਪੰਜਾਬ ਪੁਲਸ ਨੇ ਫਿਰੋਜ਼ਪੁਰ ਕੈਂਟ ਵਿੱਚ ਪਰਚਾ ਦਰਜ ਕੀਤਾ ਸੀ, ਪ੍ਰੰਤੂ ਪੁਲਸ ਵੱਲੋਂ ਚਾਰਜਸ਼ੀਟ ਦਾਇਰ ਕਰਨ ਤੋਂ ਪਹਿਲਾਂ ਹੀ ਹਾਈ ਕੋਰਟ ਦੇ ਹੁਕਮਾਂ 'ਤੇ ਇਸ ਮਾਮਲੇ ਦੀ ਜਾਂਚ ਸੀ ਬੀ ਆਈ ਨੂੰ ਸੌਂਪ ਦਿੱਤੀ ਸੀ।

## ਕਮਿਸ਼ਨ ਦੀ ਸਖਤੀ ਕਾਰਨ 96 ਫੀਸਦੀ ਲਾਇਸੈਂਸੀ ਹਥਿਆਰ ਜਮ੍ਹਾਂ



ਚੰਡੀਗੜ੍ਹ, 2 ਮਈ (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਦੀ ਪ੍ਰਕਿਰਿਆ ਦੌਰਾਨ ਇਸ ਵਾਰ ਚੋਣ ਕਮਿਸ਼ਨ ਵੱਲੋਂ ਸਖਤੀ ਨਾਲ ਕੰਮ ਲਿਆ ਜਾ ਰਿਹਾ ਹੈ। ਇਸ ਦੌਰਾਨ ਚੋਣ ਜ਼ਾਬਤਾ ਲੱਗਣ ਦੇ ਬਾਅਦ ਪੰਜਾਬ 'ਚ ਵੱਡੀ ਮਾਤਰਾ 'ਚ ਸ਼ਰਾਬ ਸਮੇਤ ਹੋਰ ਨਸ਼ਿਆਂ ਦੀ ਖੇਪ ਵੀ ਫੜੀ ਗਈ ਹੈ ਅਤੇ ਪੰਜਾਬ ਵਿੱਚ ਲਾਇਸੈਂਸੀ ਹਥਿਆਰ ਥਾਣਿਆਂ ਵਿੱਚ ਜਮ੍ਹਾਂ ਕਰਾਉਣ ਦੇ ਕੰਮ ਵਿੱਚ ਵੀ ਚੋਣ ਕਮਿਸ਼ਨ ਨੂੰ ਵੱਡੀ ਸਫਲਤਾ ਮਿਲੀ ਹੈ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਡਾ. ਐਸ ਕਰੁਣਾ ਰਾਜੂ ਨੇ ਦੱਸਿਆ ਹੈ ਕਿ ਪੰਜਾਬ 'ਚ ਕੁੱਲ 324681 ਆਮ ਨਾਗਰਿਕਾਂ ਨੇ ਹਥਿਆਰਾਂ ਦੇ ਲਾਇਸੈਂਸ ਬਣਾਏ ਹੋਏ ਹਨ ਅਤੇ ਉਨ੍ਹਾਂ ਕੋਲ ਕੁੱਲ ਹਥਿਆਰਾਂ ਦੀ ਗਿਣਤੀ 375294 ਹੈ। ਇਨ੍ਹਾਂ ਵਿੱਚੋਂ ਚੋਣ ਕਮਿਸ਼ਨ ਦੇ ਹੁਕਮਾਂ ਉਤੇ 360907 ਹਥਿਆਰ ਸਬੰਧਤ ਥਾਣਿਆਂ ਵਿੱਚ ਜਮ੍ਹਾਂ ਕਰਵਾ ਲਏ ਗਏ ਹਨ। ਚੋਣ ਕਮਿਸ਼ਨ ਅਨੁਸਾਰ ਕੁੱਲ ਹਥਿਆਰਾਂ ਵਿੱਚੋਂ 96.1 ਫੀਸਦੀ ਹਥਿਆਰ ਥਾਣਿਆਂ ਵਿੱਚ ਜਮ੍ਹਾਂ ਕਰਵਾਏ ਜਾ ਚੁੱਕੇ ਹਨ। ਲਾਇਸੈਂਸੀ ਹਥਿਆਰ ਥਾਣਿਆਂ 'ਚ ਜਮ੍ਹਾਂ ਕਰਾਉਣ ਦੇ ਮਾਮਲੇ 'ਚ ਅੰਮ੍ਰਿਤਸਰ ਸਭ ਤੋਂ ਪਿੱਛੇ ਹੈ, ਜਿੱਥੇ ਹਾਲੇ ਤੱਕ 87 ਫੀਸਦੀ ਹਥਿਆਰ ਹੀ ਜਮ੍ਹਾਂ ਹੋਏ ਹਨ, ਮੋਗਾ, ਖੰਨਾ, ਸੰਗਰੂਰ, ਮੁਹਾਲੀ ਅਤੇ ਤਰਨ ਤਾਰਨ 'ਚ 99 ਫੀਸਦੀ ਹਥਿਆਰ ਜਮ੍ਹਾਂ ਹੋ ਚੁੱਕੇ ਦੱਸੇ ਗਏ ਹਨ। ਅੰਮ੍ਰਿਤਸਰ ਦੇ ਪੇਂਡੂ ਇਲਾਕਿਆਂ ਤੋਂ 93 ਫੀਸਦੀ ਹਥਿਆਰ ਜਮ੍ਹਾਂ ਹੋਏ ਹਨ। ਇਸੇ ਤਰ੍ਹਾਂ ਹੁਸ਼ਿਆਰਪੁਰ 'ਚ 89 ਫੀਸਦੀ, ਜਲੰਧਰ ਸ਼ਹਿਰ 'ਚ 90 ਫੀਸਦੀ ਹਥਿਆਰ ਜਮ੍ਹਾਂ ਕਰਵਾਏ ਗਏ ਹਨ।

## ਹਰਿਮੰਦਰ ਸਾਹਿਬ ਨੂੰ 'ਸੁਨਹਿਰੀ ਮੰਦਰ' ਲਿਖਣ ਬਾਰੇ ਹਾਈਵੇਜ਼ ਅਥਾਰਟੀ ਨੇ ਗਲਤੀ ਮੰਨੀ




ਅੰਮ੍ਰਿਤਸਰ, 2 ਮਈ (ਪੋਸਟ ਬਿਊਰੋ)- ਸਥਾਨਕ ਮਜੀਠਾ ਰੋਡ ਬਾਈਪਾਸ ਨੇੜੇ ਲਾਏ ਦਿਸ਼ਾ ਸੂਚਕ ਬੋਰਡ ਉਪਰ ਸ੍ਰੀ ਹਰਿਮੰਦਰ ਸਾਹਿਬ ਦਾ ਰਸਤਾ ਦੱਸਣ ਲਈ ਹਰਿਮੰਦਰ ਸਾਹਿਬ ਦੀ ਥਾਂ ਪੰਜਾਬੀ ਤੇ ਹਿੰਦੀ ਵਿੱਚ 'ਸੁਨਹਿਰੀ ਮੰਦਰ' ਲਿਖੇ ਜਾਣ ਬਾਰੇ ਨੈਸ਼ਨਲ ਹਾਈਵੇਜ਼ ਅਥਾਰਟੀ ਆਫ ਇੰਡੀਆ ਨੇ ਆਪਣੀ ਗਲਤੀ ਆਖਰ ਮੰਨ ਲਈ ਹੈ। ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਗਤ ਵੱਲੋਂ ਇਸ ਦਾ ਨੋਟਿਸ ਲਏ ਜਾਣ ਪਿੱਛੋਂ ਕੱਲ੍ਹ ਉਕਤ ਅਥਾਰਿਟੀ ਨੇ ਆਪਣੀ ਗਲਤੀ ਦਾ ਅਹਿਸਾਸ ਕਰਦਿਆਂ ਵਿਵਾਦਤ ਬੋਰਡ ਉਤਾਰਨੇ ਸ਼ੁਰੂ ਕਰ ਦਿੱਤੇ ਹਨ।

ਜਲੰਧਰ ਵਿੱਚ ਨੈਸ਼ਨਲ ਹਾਈਵੇਜ਼ ਅਥਾਰਿਟੀ ਦੇ ਮੁੱਖ ਦਫਤਰ ਦੇ ਪ੍ਰਾਜੈਕਟ ਡਾਇਰੈਕਟਰ ਵਾਈ ਪੀ ਐਸ ਜਾਡੌਨ ਨੇ ਅੰਮ੍ਰਿਤਸਰ ਵਿੱਚ ਇਸ ਅਥਾਰਿਟੀ ਦਾ ਕੰਮ ਕਰਦੀ ਕੰਪਨੀ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਉਨ੍ਹਾਂ ਨੂੰ ਅਖਬਾਰਾਂ ਵਿੱਚ ਛਪੀਆਂ ਖਬਰਾਂ ਤੇ ਸਥਾਨਕ ਵਾਸੀਆਂ ਤੋਂ ਪਤਾ ਲੱਗਾ ਹੈ ਕਿ ਬਾਈਪਾਸ ਉੱਤੇ ਹਾਲ ਹੀ ਵਿੱਚ ਲਾਏ ਦਿਸ਼ਾ ਸੂਚਕ ਬੋਰਡਾਂ ਉੱਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਹਿੰਦੀ ਅਤੇ ਪੰਜਾਬੀ ਵਿੱਚ 'ਸੁਨਹਿਰੀ ਮੰਦਰ' ਲਿਖਣ ਉੱਤੇ ਕਈ ਸੰਸਥਾਵਾਂ ਨੇ ਸਖਤ ਇਤਰਾਜ਼ ਕੀਤਾ ਹੈ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਇਸ ਬਾਰੇ ਗੰਭੀਰਤਾ ਵਰਤਣ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਬੰਧਕ ਕਮੇਟੀ ਦੀ ਸਲਾਹ ਨਾਲ ਇਨ੍ਹਾਂ ਬੋਰਡਾਂ ਦੀ ਸ਼ਬਦਾਵਲੀ 'ਚ ਸੋਧ ਕਰਨ ਲਈ ਕਿਹਾ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਅਥਾਰਿਟੀ ਨੇ ਸ਼੍ਰੋਮਣੀ ਕਮੇਟੀ ਨੂੰ ਕੱਲ੍ਹ ਆਪਣਾ ਇਕ ਨੁਮਾਇੰਦਾ ਅਤੇ ਈ ਮੇਲ ਭੇਜ ਕੇ ਸ੍ਰੀ ਹਰਿਮੰਦਰ ਸਾਹਿਬ ਪ੍ਰਤੀ ਪੰਜਾਬੀ ਤੇ ਹਿੰਦੀ ਦੇ ਯੋਗ ਸ਼ਬਦ ਭੇਜਣ ਲਈ ਕਿਹਾ ਹੈ।

## ਲੜਕੀ ਨੇ ਸੜਕ 'ਤੇ ਬੱਚੇ ਨੂੰ ਜਨਮ ਦਿੱਤਾ, ਲੋਕ ਫੋਟੋ ਖਿੱਚਦੇ ਰਹੇ

ਬਠਿੰਡਾ, 2 ਮਈ (ਪੋਸਟ ਬਿਊਰੋ)- ਆਪਣੇ ਪਤੀ ਨੂੰ ਲੱਭਦੀ ਬੇਹੋਸ਼ ਹੋ ਕੇ ਬਠਿੰਡਾ ਸ਼ਹਿਰ 'ਚ ਵਿਸ਼ਾਲ ਨਗਰ ਫੇਜ਼-1 ਸੜਕ 'ਤੇ ਡਿੱਗੀ ਇਕ ਲੜਕੀ ਨੇ ਬੱਚੇ ਨੂੰ ਜਨਮ ਦਿੱਤਾ ਤਾਂ ਸੜਕ 'ਤੇ ਉਸ ਦੇ ਦੁਆਲੇ ਕਾਫੀ ਲੋਕਾਂ ਦੀ ਭੀੜ ਇਕੱਠੀ ਹੋ ਗਈ ਅਤੇ ਕੁਝ ਲੋਕ ਉਸ ਦੀ ਵੀਡੀਓ ਬਣਾਉਣ ਲੱਗੇ, ਪਰ ਕਿਸੇ ਵਿਅਕਤੀ ਨੇ ਸਹਾਰਾ ਸੰਸਥਾ ਨੂੰ ਫੋਨ ਕੀਤਾ, ਜਿਸ ਤੋਂ ਬਾਅਦ ਸੰਸਥਾ ਵਰਕਰ ਵਿੱਕੀ ਕੁਮਾਰ ਅਤੇ ਸੰਦੀਪ ਗਿੱਲ ਓਥੇ ਪਹੁੰਚੇ।

ਸਹਾਰਾ ਹੈਲਪਲਾਈਨ ਦੀ ਟੀਮ ਨੇ ਲੜਕੀ ਅਤੇ ਉਸ ਦੇ ਨਵਜੰਮੇ ਬੱਚੇ ਨੂੰ ਹਸਪਤਾਲ ਦੇ ਚਿਲਡਰਨ ਵਾਰਡ 'ਚ ਪਹੁੰਚਾਇਆ ਤੇ ਡਾਕਟਰਾਂ ਨੇ ਇਲਾਜ ਸ਼ੁਰੂ ਕਰ ਦਿੱਤਾ। ਨਵਜੰਮੇ ਬੱਚੇ ਦੀ ਸੜਕ 'ਤੇ ਪਏ ਰਹਿਣ ਕਾਰਨ ਸਥਿਤੀ ਕਾਫੀ ਗੰਭੀਰ ਸੀ। ਡਾਕਟਰਾਂ ਨੇ ਬੱਚੀ ਨੂੰ ਹਸਪਤਾਲ ਵਿੱਚ ਮਸ਼ੀਨ ਨਾ ਹੋਣ ਕਾਰਨ ਕਿਸੇ ਹੋਰ ਹਸਪਤਾਲ ਰੈਫਰ ਕਰ ਦਿੱਤਾ ਤਾਂ ਸਹਾਰਾ ਟੀਮ ਨੇ ਗੰਭੀਰ ਸਥਿਤੀ ਵਿੱਚ ਬੱਚੀ ਨੂੰ ਸੰਜੀਵਨੀ ਹਸਪਤਾਲ ਦਾਖਲ ਕਰਵਾਇਆ ਗਿਆ। ਉਸ ਦੀ ਹਾਲਤ ਗੰਭੀਰ ਹੋਣ ਕਾਰਨ ਵੈਂਟੀਲੇਟਰ 'ਤੇ ਰੱਖਿਆ ਗਿਆ ਹੈ। ਜਣੇਪਾ ਕਰਨ ਵਾਲੀ ਲੜਕੀ ਦੀ ਪਛਾਣ ਰੌਸ਼ਨੀ ਪਤਨੀ ਵਿਕਾਸ ਵਾਸੀ ਬਿਹਾਰ ਵਜੋਂ ਹੋਈ ਹੈ। ਰੌਸ਼ਨੀ ਨੇ ਸਹਾਰਾ ਟੀਮ ਨੂੰ ਦੱਸਿਆ ਕਿ ਉਸ ਨੇ ਇਕ ਸਾਲ ਪਹਿਲਾਂ ਪਰਵਾਰ ਦੀ ਮਰਜ਼ੀ ਦੇ ਖਿਲਾਫ ਵਿਆਹ ਕੀਤਾ ਸੀ ਅਤੇ ਘਰੋਂ ਆ ਕੇ ਪਿਛਲੇ ਇਕ ਸਾਲ ਤੋਂ ਬਠਿੰਡਾ ਸਟੇਸ਼ਨ ਉਤੇ ਰਹਿੰਦੀ ਰਹੀ ਸੀ। ਕੱਲ੍ਹ ਸਵੇਰੇ ਉਸ ਦਾ ਪਤੀ ਵਿਕਾਸ ਉਸ ਨੂੰ ਛੱਡ ਕੇ ਭੱਜ ਗਿਆ ਅਤੇ ਉਹ ਉਸ ਨੂੰ ਲੱਭਦੀ ਇਥੇ ਆ ਕੇ ਬੇਹੋਸ਼ ਹੋ ਕੇ ਡਿੱਗ ਪਈ।

## ਫਿਲੌਰ ਪੁਲਸ ਨੇ ਨਾਕੇ ਉਤੇ 21 ਲੱਖ ਰੁਪਏ ਜ਼ਬਤ ਕੀਤੇ

ਜਲੰਧਰ, 2 ਮਈ (ਪੋਸਟ ਬਿਊਰੋ)- ਫਿਲੌਰ ਪੁਲਸ ਨੇ ਬਸ ਵਿੱਚ ਇੱਕ ਵਿਅਕਤੀ ਕੋਲੋਂ 21 ਲੱਖ ਰੁਪਏ ਰਾਸ਼ੀ ਜ਼ਬਤ ਕੀਤੀ ਹੈ। ਇਸ ਮਾਮਲੇ ਬਾਰ ਪੁਲਸ ਨੇ ਕੈਸ਼ ਨੂੰ ਚੋਣ ਕਮਿਸ਼ਨ ਦੇ ਹਵਾਲੇ ਕਰ ਦਿੱਤਾ ਹੈ। ਡੀ ਐੱਸ ਪੀ ਦਵਿੰਦਰ ਕੁਮਾਰ ਅੱਤਰੀ ਨੇ ਦੱਸਿਆ ਕਿ ਐੱਸ ਐੱਚ ਓ ਫਿਲੌਰ ਪ੍ਰੇਮ ਸਿੰਘ ਨੇ ਸਤਲੁਜ ਪੁਲ ਉਤੇ ਨਾਕਾ ਲਾਇਆ ਹੋਇਆ ਸੀ ਕਿ ਇੱਕ ਬਸ ਨੂੰ ਚੈਕਿੰਗ ਲਈ ਰੋਕਿਆ ਗਿਆ। ਉਸ ਦੀ ਚੈਕਿੰਗ ਦੌਰਾਨ ਲੁਧਿਆਣਾ ਦਾ ਰਹਿਣ ਵਾਲਾ ਮਹਿੰਦਰ ਸਿੰਘ ਸਿਰ ਹੇਠਾਂ ਕਰ ਕੇ ਬੈਠਾ ਹੋਇਆ ਸੀ। ਉਸ ਕੋਲੋਂ ਮਿਲੇ ਬੈਗ ਦੀ ਤਲਾਸ਼ੀ ਲੈਣ 'ਤੇ 21 ਲੱਖ ਰੁਪਏ ਬਰਾਮਦ ਹੋਏ, ਜੋ ਜ਼ਬਤ ਕਰ ਲਏ ਗਏ। ਇਸ ਬਾਰੇ ਜਦੋਂ ਮਹਿੰ-ਦਰ ਸਿੰਘ ਕੋਲੋਂ ਪੁੱਛਗਿੱਛ ਕੀਤੀ ਗਈ ਤਾਂ ਉਹ ਇਸ ਰਾਸ਼ੀ ਸੰਬੰਧੀ ਕੋਈ ਵੀ ਕਾਗਜ਼ਾਤ ਤੇ ਹੋਰ ਕੋਈ ਵੀ ਜਾਣਕਾਰੀ ਨਾ ਦੇ ਸਕਿਆ, ਜਿਸ ਨੂੰ ਲੈ ਕੇ ਪੁਲਸ ਨੇ ਕੈਸ਼ ਨੂੰ ਜ਼ਬਤ ਕਰ ਕੇ ਚੋਣ ਕਮਿਸ਼ਨ ਦੇ ਹਵਾਲੇ ਕਰ ਦਿੱਤਾ।

ਏਸੇ ਤਰ੍ਹਾਂ ਜਲੰਧਰ ਸ਼ਹਿਰ ਦੇ ਚੀਮਾ ਚੌਕ ਵਿੱਚ ਐੱਸ ਐੱਸ ਟੀ ਅਤੇ ਥਾਣਾ ਨੰਬਰ ਸੱਤ ਦੀ ਪੁਲਸ ਦੇ ਨਾਕੇ ਉਤੇ ਇੱਕ ਗੱਡੀ 'ਚੋਂ ਪੰਜ ਲੱਖ ਰੁਪਏ ਬਰਾਮਦ ਹੋਏ ਹਨ। ਥਾਣਾ ਨੰਬਰ ਸੱਤ ਦੇ ਮੁਖੀ ਨਵੀਨ ਪਾਲ ਨੇ ਦੱਸਿਆ ਕਿ ਕੱਲ੍ਹ ਰਾਤ ਚੀਮਾ ਚੌਕ ਵਿੱਚ ਲੱਗੇ ਨਾਕੇ 'ਤੇ ਇੱਕ ਗੱਡੀ ਨੂੰ ਰੋਕਿਆ ਤਾਂ ਇਸ ਦੀ ਤਲਾਸ਼ੀ ਵਿੱਚ ਇਸ ਅੰਦਰੋਂ ਪੰਜ ਲੱਖ ਰੁਪਏ ਮਿਲੇ ਸਨ। ਪੁੱਛਗਿੱਛ ਵਿੱਚ ਕਾਰ ਦੇ ਚਾਲਕ ਨੇ ਆਪਣਾ ਨਾਂਅ ਦੀਪਕ ਸ਼ਰਮਾ ਪੁੱਤਰ ਸੁਭਾਸ਼ ਚੰਦਰ ਵਾਸੀ ਅਰਬਨ ਅਸਟੇਟ ਦੱਸਿਆ।

## ਮਹਿਲਾ ਜੱਜ ਦੇ ਘਰ ਵਿੱਚੋਂ 1.65 ਲੱਖ ਦੇ ਸੋਨੇ ਦੇ ਗਹਿਣੇ ਚੋਰੀ



ਮੋਗਾ, 2 ਮਈ (ਪੋਸਟ ਬਿਊਰੋ)- ਸਵਾ ਮਹੀਨੇ ਪਹਿਲਾ ਮੋਗਾ ਵਿੱਚ ਤੈਨਾਤ ਮਹਿਲਾ ਜੱਜ ਦੇ ਘਰ ਹੋਈ ਚੋਰੀ ਦੇ ਮਾਮਲੇ ਵਿੱਚ ਪੁਲਸ ਨੇ ਜਾਂਚ ਉਪਰੰਤ ਇੱਕ ਵਿਅਕਤੀ ਦੇ ਖਿਲਾਫ ਕੇਸ ਦਰਜ ਕੀਤਾ ਹੈ। ਜੱਜ ਦੇ ਘਰੋਂ ਚੋਰਾਂ ਨੇ ਇੱਕ ਲੱਖ 65 ਹਜ਼ਾਰ ਰੁਪਏ ਦੇ ਸੋਨੇ ਦੇ ਗਹਿਣੇ ਚੋਰੀ ਕੀਤੇ ਸਨ, ਜਿਹੜੇ ਲੈਦਰ ਦੇ ਬੈਗ ਵਿੱਚ ਰੱਖੇ ਹੋਏ ਸਨ।

ਥਾਣਾ ਸਿਟੀ ਸਾਊਥ ਦੇ ਐੱਸ ਐੱਚ ਓ ਪਲਵਿੰਦਰ ਸਿੰਘ ਨੇ ਦੱਸਿਆ ਕਿ ਮੋਗਾ ਜ਼ਿਲ੍ਹਾ ਅਦਾਲਤ ਦੀ ਮੈਜਿਸਟਰੇਟ ਦਲਜੀਤ ਕੌਰ ਨੇ ਪੁਲਸ ਨੂੰ ਇਹ ਲਿਖਤੀ ਸ਼ਿਕਾਇਤ ਦਿੱਤੀ ਹੈ ਕਿ ਉਹ ਮੋਗਾ ਦੇ ਵੇਦਾਂਤ ਨਗਰ ਵਿੱਚ ਇੱਕ ਕਿਰਾਏ ਦੇ ਮਕਾਨ ਵਿੱਚ ਰਹਿੰਦੀ ਹੈ ਅਤੇ 20 ਤੋਂ 24 ਮਾਰਚ ਤੱਕ ਕੋਰਟ ਵਿੱਚ ਛੁੱਟੀਆਂ ਹੋਣ ਕਾਰਨ ਉਹ ਮਕਾਨ ਨੂੰ ਤਾਲਾ ਲਗਾ ਕੇ ਪਿੰਡ ਗਿਲ ਵਾਸੀ ਵਕੀਲ ਸਿੰਘ ਅਰਦਲੀ ਨੂੰ ਸੰਭਾਲ ਲਈ ਚਾਬੀਆਂ ਦੇ ਕੇ ਰੋਪੜ ਚਲੀ ਗਈ ਸੀ। 24 ਮਾਰਚ ਨੂੰ ਵਾਪਸ ਮੋਗਾ ਆਉਣ ਉੱਤੇ ਉਸ ਨੇ ਵਕੀਲ ਸਿੰਘ ਤੋਂ ਚਾਬੀਆਂ ਲੈ ਲਈਆਂ, ਪਰ 25 ਮਾਰਚ ਨੂੰ ਅਦਾਲਤ ਜਾਣ ਲਈ ਤਿਆਰ ਹੁੰਦੇ ਸਮੇਂ ਉਨ੍ਹਾਂ ਨੇ ਆਪਣਾ ਸੋਨੇ ਦੇ ਗਹਿਣਿਆਂ ਵਾਲਾ ਲੈਦਰ ਦਾ ਬੈਗ ਚੈੱਕ ਕੀਤਾ ਤਾਂ ਉਸ ਵਿੱਚੋਂ ਇੱਕ ਲੱਖ 65 ਹਜ਼ਾਰ ਦੇ ਸੋਨੇ ਦੇ ਗਹਿਣੇ ਚੋਰੀ ਹੋ ਚੁੱਕੇ ਸਨ, ਜਿਸ ਵਿੱਚ ਇੱਕ ਏਅਰ ਰਿੰਗ ਸੋਨੇ ਦੀ, ਦੋ ਲਾਕੇਟ, ਛੇ ਗੋਲਡ ਨੋਜ਼ ਪਿਨ, ਇੱਕ ਸੋਨੇ ਦੀ ਚੇਨ ਚੋਰੀ ਹੋਏ ਸਨ। ਇਸ ਬਾਰੇ ਵਕੀਲ ਸਿੰਘ ਅਰਦਲੀ ਤੋਂ ਪੁੱਛਣ 'ਤੇ ਉਹ ਕੋਈ ਤਸੱਲੀ ਬਖਸ਼ ਜਵਾਬ ਨਾ ਦੇ ਸਕਿਆ ਤਾਂ ਮਹਿਲਾ ਜੱਜ ਨੇ ਪੁਲਸ ਨੂੰ ਲਿਖਤੀ ਸ਼ਿਕਾਇਤ ਦਿੱਤੀ ਹੈ।

## ਟਰੈਵਲ ਏਜੰਟ ਪਤੀ-ਪਤਨੀ ਲੋਕਾਂ ਦੇ ਕਰੋੜਾਂ ਰੁਪਏ ਲੈ ਕੇ ਫਰਾਰ ਹੋ ਗਏ




ਜਲੰਧਰ, 2 ਮਈ (ਪੋਸਟ ਬਿਊਰੋ)- ਥਾਣਾ ਬਾਰਾਦਰੀ ਦੀ ਹੱਦ 'ਚ ਪੈਂਦੇ ਬਿੱਗ ਬਾਜ਼ਾਰ ਟਾਵਰ ਦਾ ਇਕ ਟਰੈਵਲ ਏਜੰਟ ਜੋੜਾ ਫਿਰ ਲੋਕਾਂ ਦਾ ਕਰੋੜਾਂ ਰੁਪਏ ਠੱਗ ਕੇ ਪਰਵਾਰ ਸਮੇਤ ਘਰ ਨੂੰ ਤਾਲੇ ਲਾ ਕੇ ਤੇ ਕੰਪਨੀ ਬੰਦ ਕਰ ਕੇ ਖਿਸਕ ਗਿਆ ਹੈ। ਠੱਗੀ ਦਾ ਸ਼ਿਕਾਰ ਹੋਏ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਹ ਉਸ ਦਫਤਰ ਬਾਹਰ ਇਕੱਠੇ ਹੋਏ, ਪਰ ਤਦ ਤੱਕ ਠੱਗ ਟਰੈਵਲ ਏਜੰਟ ਪਤਾ ਨਹੀਂ ਕਿੱਥੋਂ ਜਾ ਚੁੱਕਿਆ ਸੀ।

ਮਿਲੀ ਜਾਣਕਾਰੀ ਦੇ ਅਨੁਸਾਰ ਸਟੱਡੀ ਐਕਸਪ੍ਰੈੱਸ ਇਮੀਗ੍ਰੇਸ਼ਨ ਕੰਪਨੀ ਦਾ ਮਾਲਕ ਕਪਿਲ ਸ਼ਰਮਾ ਅਤੇ ਉਸ ਦੀ ਪਤਨੀ ਅਨੀਤਾ ਸ਼ਰਮਾ ਨੇ ਲੋਕਾਂ ਨੂੰ ਸਟੱਡੀ ਵੀਜ਼ਾ ਦੇ ਨਾਂ 'ਤੇ ਵਿਦੇਸ਼ ਭੇਜਣ ਲਈ ਲੱਖਾਂ ਰੁਪਏ ਲੈ ਲਏ, ਪਰ ਨਾ ਤਾਂ ਉਨ੍ਹਾਂ ਨੂੰ ਕੋਈ ਵੀਜ਼ਾ ਲਵਾ ਕੇ ਦਿੱਤਾ ਤੇ ਨਾ ਉਨ੍ਹਾਂ ਦੇ ਪੈਸੇ ਵਾਪਸ ਕੀਤੇ। ਜਿਨ੍ਹਾਂ ਲੋਕਾਂ ਨੂੰ ਠੱਗ ਪਤੀ-ਪਤਨੀ ਨੇ ਚੈਕ ਦਿਤੇ ਉਹ ਵੀ ਬੈਂਕ ਵਿੱਚੋਂ ਪੇਮੈਂਟ ਸਟਾਪ ਕਰਵਾਉਣ ਦਾ ਕਹਿ ਕੇ ਵਾਪਸ ਭਿਜਵਾ ਦਿੱਤੇ। ਕੱਲ੍ਹ ਜਦ ਲੋਕਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਸਟੱਡੀ ਐਕਸਪ੍ਰੈੱਸ ਦੇ ਠੱਗ ਟਰੈਵਲ ਏਜੰਟਾਂ ਦੇ ਖਿਲਾਫ ਨਾਅਰੇਬਾਜ਼ੀ ਕੀਤੀ। ਮਾਹੌਲ ਗਰਮ ਹੋਣ ਦਾ ਪਤਾ ਲੱਗਦੇ ਸਾਰ ਥਾਣਾ ਬਾਰਾਦਰੀ ਦੇ ਮੁਖੀ ਇੰਸਪੈਕਟਰ ਸੁਖਬੀਰ ਸਿੰਘ ਖੁਦ ਓਥੇ ਪੁੱਜੇ ਅਤੇ ਲੋਕਾਂ ਨੂੰ ਸ਼ਾਂਤ ਕੀਤਾ। ਸਟੱਡੀ ਐਕਸਪ੍ਰੈੱਸ ਦੇ ਮਾਲਕ ਕਪਿਲ ਸ਼ਰਮਾ ਨੇ ਸਰਕਾਰ ਕੋਲੋਂ ਲਾਇਸੈਂਸ ਲਿਆ ਹੋਇਆ ਸੀ, ਜਿਸ ਦੇ ਭਰੋਸੇ ਹੀ ਕਈ ਲੋਕ ਠੱਗੀ ਦਾ ਸ਼ਿਕਾਰ ਹੋ ਗਏ ਸਨ। ਇਨ੍ਹਾਂ ਵਿੱਚੋਂ ਇੱਕ ਸੁਰਜੀਤ ਸਿੰਘ ਵਾਸੀ ਲਾਂਬੜਾ ਨੇ ਦੱਸਿਆ ਕਿ ਉਸ ਨੇ ਕੈਨੇਡਾ ਜਾਣ ਦੇ ਲਈ ਕਪਿਲ ਸ਼ਰਮਾ ਨੂੰ 13 ਲੱਖ ਰੁਪਏ ਦਿੱਤੇ ਸਨ, ਪਰ ਜਦ ਉਸ ਦੀ ਫਾਈਲ ਰੱਦ ਹੋ ਗਈ ਤਾਂ ਉਸ ਨੂੰ ਕਪਿਲ ਦੀ ਪਤਨੀ ਅਨੀਤਾ ਨੇ ਚੈਕ ਕੱਟ ਕੇ ਦੇ ਦਿੱਤੇ ਸਨ, ਜਿਹੜੇ ਬਾਊਂਸ ਹੋ ਗਏ। ਇਸੇ ਤਰ੍ਹਾਂ ਰਮਨਪ੍ਰੀਤ ਕੌਰ ਵਾਸੀ ਜਲੰਧਰ ਨੇ ਏਸੇ ਏਜੰਟ ਨੂੰ ਕੈਨੇਡਾ ਜਾਣ ਲਈ 10 ਲੱਖ ਰੁਪਏ ਦਿੱਤੇ, ਪਰ ਉਸ ਦੀ ਵੀ ਫਾਈਲ ਅੰਬੈਸੀ ਨੇ ਰੱਦ ਕਰ ਦਿੱਤੀ ਤਾਂ ਉਸ ਨੂੰ ਚੈਕ ਦਿੱਤੇ ਗਏ, ਪਰ ਜਦ ਚੈਕ ਬੈਂਕ ਵਿੱਚ ਲਾਏ ਗਏ ਤਾਂ ਉਨ੍ਹਾਂ ਦੀ ਪੇਮੈਂਟ ਪਹਿਲਾਂ ਹੀ ਸਟਾਪ ਕਰਵਾ ਦਿੱਤੀ ਗਈ ਸੀ। ਠੱਗੀ ਖਾ ਗਏ ਲੋਕਾਂ 'ਚ ਪੁਲਸ ਵਾਲੇ ਵੀ ਸਨ। ਸ਼ਾਹਕੋਟ ਦੇ ਏ ਐਸ ਆਈ ਸੁਖਵਿੰਦਰ ਕੁਮਾਰ ਨੇ ਆਪਣੇ ਪੁੱਤਰ ਸ਼ੁਭਮ ਨੂੰ ਕੈਨੇਡਾ ਭੇਜਣ ਲਈ ਸਾਢੇ ਤੇਰਾਂ ਲੱਖ ਰੁਪਏ ਅਨੀਤਾ ਸ਼ਰਮਾ ਨੂੰ ਦਿੱਤੇ ਸਨ, ਪਰ ਉਹ ਠੱਗੀ ਦਾ ਸ਼ਿਕਾਰ ਹੋ ਗਿਆ। ਨਾ ਉਸ ਦਾ ਪੁੱਤਰ ਵਿਦੇਸ਼ ਜਾ ਸਕਿਆ ਤੇ ਨਾ ਉਸ ਦੀ ਕਮਾਈ ਵਾਪਸ ਮਿਲੀ। ਏ ਐਸ ਆਈ ਨੇ ਇਸ ਦੀ ਸ਼ਿਕਾਇਤ ਪਹਿਲਾਂ ਹੀ ਕਰ ਦਿੱਤੀ ਸੀ। ਕਈ ਹੋਰ ਲੋਕ ਵੀ ਦੁੱਖੜਾ ਸੁਣਾ ਰਹੇ ਸਨ। ਥਾਣਾ ਮੁਖੀ ਸੁਖਬੀਰ ਸਿੰਘ ਨੇ ਲੋਕਾਂ ਨੂੰ ਸ਼ਾਂਤ ਕੀਤਾ ਤੇ ਸਭ ਨੂੰ ਆਪਣੀ ਸ਼ਿਕਾਇਤ ਥਾਣੇ ਦੇਣ ਨੂੰ ਕਿਹਾ। ਉਨ੍ਹਾਂ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਹ ਛੇਤੀ ਹੀ ਠੱਗ ਟਰੈਵਲ ਏਜੰਟ ਕਪਿਲ ਸ਼ਰਮਾ ਤੇ ਉਸ ਦੀ ਪਤਨੀ ਅਨੀਤਾ ਸ਼ਰਮਾ ਨੂੰ ਕਾਬੂ ਕਰਕੇ ਲਕਾਂ ਨੂੰ ਇਨਸਾਫ ਦਿਵਾਉਣਗੇ।

ਮੂੰਹੋ ਬੋਲਦੀ Kitchen and Washroom ਬਣਵਾਓ

**Pearson**
Kitchen & Cabinet

Free Estimate
We Specialize in granite, quartz & marble countertops



We Specialize In:
100% Satisfaction On Time

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)

A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344





## ਮੋਦੀ ਦੇ ਮੁਕਾਬਲੇ ਮਹਾਨ ਹਾਕੀ ਖਿਡਾਰੀ ਮੁਹੰਮਦ ਸ਼ਾਹਿਦ ਦੀ ਧੀ ਮੈਦਾਨ ਮੱਲੇਗੀ

ਨਵੀਂ ਦਿੱਲੀ, 2 ਮਈ (ਪੋਸਟ ਬਿਊਰੋ)- ਵਾਰਾਣਸੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲੋਕ ਸਭਾ ਚੋਣਾਂ ਦੇ ਦੌਰਾਨ ਟੱਕਰ ਦੇਣ ਵਾਲਿਆਂ ਵਿੱਚ ਮਹਾਨ ਹਾਕੀ ਖਿਡਾਰੀ ਮੁਹੰਮਦ ਸ਼ਾਹਿਦ ਦੀ ਬੇਟੀ ਹਿਨਾ ਦਾ ਵੀ ਨਾਂਅ ਜੁੜ ਗਿਆ ਹੈ, ਜਿਨ੍ਹਾਂ ਨੇ ਔਰਤਾਂ ਦੇ ਮਸਲਿਆਂ ਉਤੇ ਆਵਾਜ਼ ਬੁਲੰਦ ਕਰਨ ਲਈ ਪਰਚਾ ਭਰਿਆ ਹੈ। ਹਿਨਾ ਨੂੰ ਬਾਖੂਬੀ ਪਤਾ ਹੈ ਕਿ ਇਥੇ ਮੁਕਾਬਲਾ ਉਨ੍ਹਾਂ ਅਤੇ ਮੋਦੀ ਦੇ ਵਿਚਾਲੇ ਨਹੀਂ ਹੈ, ਪਰ ਉਨ੍ਹਾਂ ਨੂੰ ਹਾਰ ਦਾ ਡਰ ਨਹੀਂ ਹੈ। ਉਨ੍ਹਾਂ ਨੇ ਦੱਸਿਆ, ‘‘ਇਹ ਸੋਚ ਕੇ ਬੈਠ ਨਹੀਂ ਜਾਵਾਂਗੇ ਨਾ ਕਿ ਮੋਦੀ ਨੂੰ ਹਰਾਉਣਾ ਅਸੰਭਵ ਹੈ। ਮੈਨੂੰ ਹਾਰ ਦਾ ਡਰ ਨਹੀਂ ਹੈ ਅਤੇ ਸਿਆਸਤ ਵਿੱਚ ਮੈਂ ਲੰਬੀ ਪਾਰੀ ਖੇਡਣੀ ਹੈ। ਮੈਨੂੰ ਪਤਾ ਹੈ ਕਿ ਇਥੇ ਬਹੁਤ ਸਾਰੇ ਲੋਕ ਮੈਨੂੰ ਜਾਣਦੇ ਵੀ ਨਹੀਂ ਹੋਣਗੇ, ਪ੍ਰੰਤੂ ਮੈਂ ਉਨ੍ਹਾਂ ਤੋਂ ਇੱਕ ਮੌਕਾ ਜ਼ਰੂਰ ਮੰਗਾਂਗੀ।’’

ਵਾਰਾਣਸੀ ਲੋਕ ਸਭਾ ਸੀਟ ਤੋਂ ਹਿਨਾ ਨੇ ਜਨਹਿਤ ਪਾਰਟੀ ਦੀ ਟਿਕਟ 'ਤੇ ਪਰਚਾ ਭਰਿਆ ਹੈ। ਪੇਸ਼ੇ ਤੋਂ ਫੈਸ਼ਨ ਡਿਜ਼ਾਈਨਰ ਹਿਨਾ ਦੀ ਪਛਾਣ ਓਲੰਪੀਅਨ ਮੁਹੰਮਦ ਸ਼ਾਹਿਦ ਦੀ ਬੇਟੀ ਦੇ ਰੂਪ ਵਿੱਚ ਹੈ ਅਤੇ ਹਾਕੀ ਵਿੱਚ ਜਦ ਡ੍ਰਿਬਲਿੰਗ ਦਾ ਨਾਂਅ ਆਉਂਦਾ ਹੈ ਤਾਂ ਸਭ ਤੋਂ ਉਪਰ ਸ਼ਾਹਿਦ ਦਾ ਨਾਂਅ ਲਿਆ ਜਾਂਦਾ ਹੈ। ਇਹ ਪੁੱਛਣ ਉਤੇ ਕਿ ਕੀ ਪਿਤਾ ਨੂੰ ਉਨ੍ਹਾਂ ਦਾ ਦਰਜਾ ਨਾ ਮਿਲ ਸਕਣ ਦਾ ਰੋਸ ਉਨ੍ਹਾਂ ਨੂੰ ਸਿਆਸਤ ਵਿੱਚ ਖਿੱਚ ਲਿਆਇਆ ਹੈ, ਹਿਨਾ ਨੇ ਕਿਹਾ, ‘‘ਮੈ ਨਿੱਜੀ ਮਸਲਿਆਂ ਵਾਸਤੇ ਸਿਆਸਤ ਵਿੱਚ ਨਹੀਂ ਆਈ। ਪਾਪਾ ਦੇ ਗੁਜ਼ਰਨ ਪਿੱਛੋਂ ਕਈ ਦਲਾਂ ਨੇ ਮਾਂ ਨੂੰ ਸਿਆਸਤ ਵਿੱਚ ਆਉਣ ਨੂੰ ਕਿਹਾ, ਪ੍ਰੰਤੂ ਅਸੀਂ ਇਸ ਦੇ ਲਈ ਤਿਆਰ ਨਹੀਂ ਸੀ।

## ਨਵਲਪਰਾਸੀ ਵਿੱਚ ਚਾਰ ਸੌ ਨੇਪਾਲੀਆਂ ਦੀ ਨਾਗਰਿਕਤਾ ਰੱਦ

ਨਵਲਪਰਾਸੀ (ਨੇਪਾਲ), 2 ਮਈ (ਪੋਸਟ ਬਿਊਰੋ)- ਜ਼ਿਲਾ ਪ੍ਰਸ਼ਾਸਨ ਨੇ ਨੇਪਾਲੀ ਮੂਲ ਦੇ ਵੰਸ਼ ਹੋਣ ਦੇ ਆਧਾਰ 'ਤੇ 400 ਲੋਕਾਂ ਵੱਲੋਂ ਲਈ ਨੇਪਾਲੀ ਨਾਗਰਿਕਤਾ ਰੱਦ ਕਰ ਦਿੱਤੀ ਹੈ। ਇਸ ਮੌਕੇ ਝਾਪਾ ਵਿੱਚ ਦੋ ਲੋਕਾਂ ਨੂੰ ਨੇਪਾਲੀ ਨਾਗਰਿਕਤਾ ਬਣਵਾਉਂਦੇ ਸਮੇਂ ਗ੍ਰਿਫਤਾਰ ਕੀਤਾ ਗਿਆ। ਨੇਪਾਲ ਸੁਪਰੀਮ ਕੋਰਟ ਦੀ ਦੋ ਮੈਂਬਰੀ ਬੈਂਚ ਨੇ ਇਥੇ ਨਾਗਰਿਕਤਾ ਜਾਰੀ ਕਰਨ ਉੱਤੇ ਇਹ ਕਹਿ ਕੇ ਰੋਕ ਲਾ ਦਿੱਤੀ ਸੀ ਕਿ ਪਹਿਲੇ ਹੁਕਮ ਦਾ ਪਾਲਣ ਨਹੀਂ ਕੀਤਾ ਗਿਆ ਹੈ।

ਨਵਲਪਰਾਸੀ ਜ਼ਿਲਾ ਪ੍ਰਸ਼ਾਸਨ ਦਫਤਰ ਦੇ ਪ੍ਰਸ਼ਾਸਨਿਕ ਅਧਿਕਾਰੀ ਜੋਤੀਰਾਜ ਅਰਾਯਲ ਨੇ ਕਿਹਾ ਕਿ ਨੇਪਾਲ ਵਿੱਚ ਨਵੀਂ ਵਿਵਸਥਾ ਹੇਠ 1997 ਵਿੱਚ ਜ਼ਿਲੇਵਾਰ ਨੇਪਾਲੀ ਨਾਗਰਿਕਤਾ ਬਣਾਉਣ ਲਈ ਟੋਲੀ ਬਣਾਈ ਗਈ ਸੀ। ਮੁਲਾਜ਼ਮਾਂ ਦੀ ਗਿਣਤੀ ਘੱਟ ਹੋਣ ਕਾਰਨ ਸਥਾਨਕ ਸਕੂਲ, ਕੈਂਪਸ ਤੇ ਸਰਕਾਰੀ ਮੁਲਾਜ਼ਮਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ, ਪਰ ਨਾਗਰਿਕਤਾ ਦਿੰਦੇ ਸਮੇਂ ਬੇਨਿਯਮੀਆਂ ਪਤਾ ਲੱਗਣ 'ਤੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਚੋਲੇਂਦਰ ਸ਼ਮਸ਼ੇਰ ਰਾਣਾ ਅਤੇ ਜਸਟਿਸ ਪੁਰੂਸ਼ੋਤਮ ਭੰਡਾਰੀ ਨੇ ਨਵਲਪਰਾਸੀ ਵਿੱਚ ਨੇਪਾਲੀ ਨਾਗਰਿਕਤਾ ਦੀ ਵੰਡ ਉਤੇ ਰੋਕ ਲਗਾ ਦਿੱਤੀ ਸੀ। ਹੁਕਮ ਦਾ ਪਾਲਣ ਕਰਦੇ ਹੋਏ ਜ਼ਿਲਾ ਪ੍ਰਸ਼ਾਸਨ ਦਫਤਰ ਨੇ ਚਾਰ ਸੌ ਲੋਕਾਂ ਦੀ ਨੇਪਾਲੀ ਨਾਗਰਿਕਤਾ ਰੱਦ ਕੀਤੀ ਹੈ।

ਦੂਸਰੇ ਪਾਸੇ ਝਾਪਾ ਦੇ ਕਚਨ ਕਵਲ ਪਿੰਡ ਦੇ ਵਾਸੀ ਭੂਪਾਲ ਗੁਰੂੰਗ ਅਤੇ ਉਸ ਦੇ ਪਿਤਾ ਚੰਦਰ ਬਹਾਦੁਰ ਗੁਰੂੰਗ ਨੂੰ ਨੇਪਾਲੀ ਪ੍ਰਹਰੀ ਪੁਲਸ ਨੇ ਉਸ ਸਮੇਂ ਗ੍ਰਿਫਤਾਰ ਕੀਤਾ ਗਿਆ, ਜਦ ਉਹ ਭਾਰਤੀ ਨਾਗਰਿਕਤਾ ਦੇ ਹੁੰਦੇ ਹੋਏ ਨੇਪਾਲੀ ਨਾਗਰਿਕਤਾ ਬਣਵਾਉਣ ਦੀ ਫਿਰਾਕ ਵਿੱਚ ਸਨ।

# ਇਸ਼ਰਤ ਜਹਾਂ ਫ਼ਰਜ਼ੀ ਮੁਕਾਬਲਾ ਕੇਸ ਵਿੱਚ ਵੰਜਾਰਾ ਅਤੇ ਅਮੀਨ ਅਦਾਲਤ ਤੋਂ ਬਰੀ

ਅਹਿਮਦਾਬਾਦ, 2 ਮਈ (ਪੋਸਟ ਬਿਊਰੋ)- ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਨੇ ਇਸ਼ਰਤ ਜਹਾਂ ਫ਼ਰਜ਼ੀ ਮੁਕਾਬਲਾ ਕੇਸ ਵਿੱਚ ਗੁਜਰਾਤ ਦੇ ਸਾਬਕਾ ਆਈ ਪੀ ਐੱਸ ਅਧਿਕਾਰੀ ਡੀ ਜੀ ਵੰਜਾਰਾ ਅਤੇ ਸਾਬਕਾ ਐੱਸ ਪੀ, ਐੱਨ ਕੇ ਅਮੀਨ ਨੂੰ ਦੋਸ਼ ਮੁਕਤ ਕਰ ਦਿੱਤਾ ਹੈ। ਕੋਰਟ ਨੇ ਦੋਵਾਂ ਦੀ ਦੋਸ਼ ਮੁਕਤੀ ਦੀ ਅਰਜ਼ੀ ਮਨਜ਼ੂਰ ਕਰ ਲਈ। ਦੋਵਾਂ ਨੇ ਗੁਜਰਾਤ ਸਰਕਾਰ ਵੱਲੋਂ ਸੀ ਬੀ ਆਈ ਨੂੰ ਉਨ੍ਹਾਂ ਦੇ ਖ਼ਿਲਾਫ਼ ਕੇਸ ਚਲਾਉਣ ਦੀ ਇਜਾਜ਼ਤ ਨਾ ਦੇਣ ਪਿੱਛੋਂ ਅਰਜ਼ੀ ਦਿੱਤੀ ਸੀ।



ਗੁਜਰਾਤ ਦੇ ਸਾਬਕਾ ਆਈ ਪੀ ਐੱਸ ਅਧਿਕਾਰੀ ਡੀ ਜੀ ਵੰਜਾਰਾ ਬਰੀ ਹੋਣ ਮਗਰੋਂ ਖੁਸ਼ੀ ਦੇ ਰੌਅ 'ਚ।

ਸਪੈਸ਼ਲ ਕੋਰਟ ਦੇ ਜੱਜ ਜੇ ਕੇ ਪਾਂਡਿਆ ਨੇ ਕਿਹਾ ਕਿ ਕਿਉਂਕਿ ਸਰਕਾਰ ਨੇ ਉਨ੍ਹਾਂ ਦੇ ਖ਼ਿਲਾਫ਼ ਕੇਸ ਚਲਾਉਣ ਲਈ ਇਜਾਜ਼ਤ ਨਹੀਂ ਦਿੱਤੀ, ਇਸ ਲਈ ਉਨ੍ਹਾਂ ਦੀ ਅਰਜ਼ੀ ਮਨਜ਼ੂਰ ਕੀਤੀ ਜਾਂਦੀ ਤੇ ਦੋਵਾਂ ਦੇ ਖ਼ਿਲਾਫ਼ ਕਾਰਵਾਈ ਬੰਦ ਕੀਤੀ ਜਾਂਦੀ ਹੈ। ਕਿਸੇ ਕੰਮ ਲਈ ਸਰਕਾਰੀ ਮੁਲਾਜ਼ਮ ਦੇ ਖ਼ਿਲਾਫ਼ ਸੀ ਆਰ ਪੀ ਸੀ ਦੀ ਧਾਰਾ 197 ਹੇਠ ਕੀਤੇ ਗਏ ਚਲਾਨ ਦੀ ਇਜਾਜ਼ਤ ਸਰਕਾਰ ਤੋਂ ਲੈਣਾ ਲਾਜ਼ਮੀ ਹੁੰਦਾ ਹੈ।

ਵਰਨਣ ਯੋਗ ਹੈ ਕਿ ਮੁੰਬਈ ਨੇੜਲੇ ਮੁੰਬਰਾ ਦੀ ਵਸਨੀਕ ਇਸ਼ਰਤ, ਜਾਵੇਦ ਉਰਫ ਪ੍ਰਨੇਸ਼ ਪਿੱਲੈ, ਅਹਿਮਦ ਅਲੀ ਅਕਬਰ ਅਲੀ ਰਾਣਾ ਤੇ ਜੀਸ਼ਾਨ ਜੌਹਰ ਨੂੰ ਗੁਜਰਾਤ ਪੁਲਿਸ ਨੇ ਅਹਿ-ਮਦਾਬਾਦ ਨੇੜੇ 15 ਜੂਨ 2004 ਨੂੰ ਮੁਕਾਬਲੇ ਵਿੱਚ ਮਾਰ ਦਿੱਤਾ ਸੀ। ਪੁਲਿਸ ਦਾ ਦਾਅਵਾ ਸੀ ਕਿ ਉਹ ਅੱਤਵਾਦੀ ਸਨ ਤੇ ਗੁਜਰਾਤ ਦੇ ਓਦੋਂ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਮਾਰਨ ਦੇ ਇਰਾਦੇ ਨਾਲ ਆਏ ਸਨ। ਸੀ ਬੀ ਆਈ ਨੇ ਦੋਵਾਂ ਸਾਬਕਾ ਪੁਲਿਸ ਅਫਸਰਾਂ ਖ਼ਿਲਾਫ਼ ਕੇਸ ਚਲਾਉਣ ਦੀ ਸਰਕਾਰ ਤੋਂ ਇਜਾਜ਼ਤ ਨਾ ਮਿਲਣ ਉਤੇ ਕੋਈ ਰੁਖ਼ ਅਪਣਾਉਣ ਤੋਂ ਨਾਂਹ ਕਰ ਦਿੱਤੀ ਸੀ। ਇਸ਼ਰਤ ਦੀ ਮਾਂ ਸ਼ਮੀਮਾ ਕੌਸਰ ਨੇ ਇਸ ਪਿੱਛੋਂ ਦੋਵਾਂ ਦੀ ਅਰਜ਼ੀ ਦਾ ਵਿਰੋਧ ਕੀਤਾ ਤੇ ਆਪਣੇ ਵਕੀਲ ਵਰਿੰਦਾ ਗ੍ਰੋਵਰ ਰਾਹੀਂ ਕਿਹਾ ਕਿ ਕਾਰਵਾਈ ਬੰਦ ਕਰਨ ਦੀ ਉਨ੍ਹਾਂ ਦੀ ਅਰਜ਼ੀ ਕਾਨੂੰਨੀ ਪੱਖੋਂ ਯੋਗ ਨਹੀਂ ਤੇ ਤੱਥਾਂ ਦੇ ਪੱਖੋਂ ਵੀ ਨਹੀਂ, ਕਿਉਂਕਿ ਰਾਜ ਸਰਕਾਰ ਕੋਲ ਨਹੀਂ, ਕੇਂਦਰੀ ਗ੍ਰਹਿ ਮੰਤਰਾਲੇ ਕੋਲ ਕੇਸ ਚਲਾਉਣ ਦੇ ਲਈ ਇਜਾਜ਼ਤ ਦਾ ਅਧਿਕਾਰ ਹੈ। ਵੰਜਾਰਾ ਦੇ ਵਕੀਲ ਵੀ ਡੀ ਗੁੱਜਰ ਨੇ ਅਰਜ਼ੀ ਦੇ ਪੱਖ ਵਿੱਚ ਕਿਹਾ ਕਿ ਅਦਾਲਤ ਇਜਾਜ਼ਤ ਦੇ ਆਦੇਸ਼ ਦੀ ਜਾਇਜ਼ਤਾ ਨਹੀਂ ਪਰਖ ਸਕਦੀ। ਅਦਾਲਤੀ ਨਤੀਜੇ ਤੋਂ ਸਾਬਤ ਹੋ ਚੁੱਕਾ ਹੈ ਕਿ ਪੁਲਿਸ ਅਫਸਰਾਂ ਨੇ ਕੋਈ ਫਰਜ਼ੀ ਮੁਕਾਬਲਾ ਨਹੀਂ ਬਣਾਇਆ ਸੀ।

## ਪ੍ਰਿਅੰਕਾ ਗਾਂਧੀ ਨੇ ਚੋਣ ਪ੍ਰਚਾਰ ਦੌਰਾਨ ਹੱਥ ਵਿੱਚ ਸੱਪ ਫੜ੍ਹ ਲਿਆ

ਰਾਏਬਰੇਲੀ, 2 ਮਈ (ਪੋਸਟ ਬਿਊਰੋ)- ਗਰਮਾ-ਗਰਮ ਚੋਣ ਮਾਹੌਲ ਵਿੱਚ ਕਾਂਗਰਸ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਅੱਜ ਆਪਣੀ ਮਾਂ ਸੋਨੀਆ ਗਾਂਧੀ ਦੇ ਚੋਣ ਖੇਤਰ ਰਾਏਬਰੇਲੀ ਪੁੱਜੀ ਤਾਂ ਇਕ ਸੱਪ ਹੱਥ ਵਿਚ ਫੜ ਲਿਆ। ਅਸਲ ਵਿੱਚ ਪ੍ਰਿਅੰਕਾ ਚੋਣ ਪ੍ਰਚਾਰ ਲਈ ਬੇਲਾਵੇਲਾ ਪਿੰਡ ਚੱਲੀ ਸੀ। ਰਾਹ ਵਿਚ ਜਾਂਦੀ ਉਹ ਕੁਚਰੀਆ ਪਿੰਡ ਵਿਚ ਸਪੇਰਿਆਂ ਦੀ ਬਸਤੀ ਵਿਚ ਜਾ ਪੁੱਜੀ ਤੇ ਉਨ੍ਹਾਂ ਨਾਲ ਕਾਫੀ ਦੇਰ ਗੱਲਬਾਤ ਕੀਤੀ। ਇਸ ਮੌਕੇ ਉਨ੍ਹਾਂ ਦੇ ਨਾਲ ਚੋਣ ਪ੍ਰਚਾਰ ਕਵਰ ਕਰ ਰਹੇ ਫੋਟੋ ਪੱਤਰਕਾਰ ਨੂੰ ਇਹ ਹੈਰਾਨੀ ਜਨਕ ਦ੍ਰਿਸ਼ ਦੇਖਣ ਨੂੰ ਮਿਲਿਆ ਕਿ ਓਥੇ ਸਪੇਰਿਆਂ ਨਾਲ ਗੱਲਬਾਤ ਦੌਰਾਨ ਪ੍ਰਿਅੰਕਾ ਗਾਂਧੀ ਨੇ ਨਾ ਸਿਰਫ ਇਕ ਸੱਪ ਫੜ ਲਿਆ, ਸਗੋਂ ਉਸ ਨਾਲ ਕੁਝ ਦੇਰ ਖੇਡਦੀ ਰਹੀ।

## ਨਵਾਂ ਫੋਰਕਾਸਟਿੰਗ ਸਿਸਟਮ ਦਿੱਲੀ ਵਾਸੀਆਂ ਨੂੰ ਹਵਾ ਪ੍ਰਦੂਸ਼ਣ ਦੀ ਚੇਤਾਵਨੀ ਦੇਵੇਗਾ

ਨਵੀਂ ਦਿੱਲੀ, 2 ਮਈ (ਪੋਸਟ ਬਿਊਰੋ)- ਵਿਗਿਆਨੀਆਂ ਨੇ ਇਕ ਅਜਿਹੀ ਅਗੇਤੇ ਅਨੁਮਾਨ ਦੀ ਪ੍ਰਣਾਲੀ ਤਿਆਰ ਕਰ ਲੈਣ ਦਾ ਦਾਅਵਾ ਕੀਤਾ ਹੈ, ਜੋ ਦਿੱਲੀ ਵਾਸੀਆਂ ਤੇ ਉਤਰ ਭਾਰਤ ਦੇ ਜ਼ਿਆਦਾ ਪ੍ਰਦੂਸ਼ਣ ਵਾਲੇ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਹਾਨੀਕਾਰਕ ਹਵਾ ਦੇ ਸੰਪਰਕ ਵਿੱਚ ਆਉਣ ਤੋਂ ਬਚਣ ਦੀ ਚੇਤਾਵਨੀ ਦੇ ਸਕਦੀ ਹੈ। ਅਗੇਤਾ ਅਨੁਮਾਨ ਪ੍ਰਣਾਲੀ (ਫੋਰਕਾਸਟਿੰਗ ਸਿਸਟਮ) ਅਮਰੀਕਾ ਦੇ ਨੈਸ਼ਨਲ ਸੈਂਟਰ ਫਾਰ ਐਟਮਾਸੀਫਯਰਿਕ ਰਿਸਰਚ (ਐਨ ਸੀ ਏ ਆਰ) ਨੇ ਪੁਣੇ ਵਿੱਚ ਇੰਡੀਅਨ ਇੰਸਟੀਚਿਊਟ ਆਫ ਟ੍ਰਾਪੀਕਲ ਮੈਟਰਾਲੋਜੀ ਦੇ ਨਾਲ ਮਿਲ ਕੇ ਬਣਾਇਆ ਹੈ। ਇਹ ਪ੍ਰਣਾਲੀ ਹਵਾ ਵਿੱਚ ਘੁਲੇ ਹੋਏ ਬਹੁਤ ਸੂਖਮ ਕਣਾਂ ਪੀ ਐਮ 2.5 ਦੇ ਸੰਬੰਧ ਵਿੱਚ 72 ਘੰਟੇ ਦਾ ਪਹਿਲਾ ਅਨੁਮਾਨ ਪ੍ਰਗਟ ਕਰ ਸਕਦੀ ਹੈ। ਐਨ ਸੀ ਏ ਆਰ ਨੇ ਬਿਆਨ ਜਾਰੀ ਕਰਕੇ ਦੱਸਿਆ ਹੈ ਕਿ ਹਵਾ ਵਿੱਚ ਘੁਲੇ ਸੂਖਮ ਕਣ ਬੇਹੱਦ ਚਿੰਤਾ ਦਾ ਕਾਰਨ ਹੈ, ਕਿਉਂਕਿ ਇਹ ਇੰਨੇ ਛੋਟੇ ਹਨ ਕਿ ਆਸਾਨੀ ਨਾਲ ਫੇਫੜਿਆਂ ਦੇ ਅੰਦਰ ਚਲੇ ਜਾਂਦੇ ਹਨ ਅਤੇ ਖੂਨ ਧਾਰਾ ਤੱਕ ਵੀ ਪਹੁੰਚ ਜਾਂਦੇ ਹਨ ਅਤੇ ਸਾਹ ਤੰਤਰ ਦੇ ਨਾਲ ਹੀ ਦਿਲ ਸੰਬੰਧੀ ਮੁਸ਼ਕਿਲਾਂ ਵੀ ਪੈਦਾ ਕਰ ਸਕਦੇ ਹਨ।

### ਅਦਾਲਤ ਨੇ ਕਿਹਾ:

## ਅਫਸੋਸ! ਭ੍ਰਿਸ਼ਟਾਚਾਰ ਲਈ ਮੌਤ ਦੀ ਸਜ਼ਾ ਨਹੀਂ ਦੇ ਸਕਦੇ



ਨਵੀਂ ਦਿੱਲੀ, 2 ਮਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਆਮਰਪਾਲੀ ਗਰੁੱਪ ਦੇ ਕੇਸ ਦੀ ਸੁਣਵਾਈ ਦੌਰਾਨ ਕਿਹਾ ਕਿ ਇਸ ਕੰਪਨੀ ਨੇ ਘਰ ਖਰੀਦਣ ਵਾਲੇ ਨਾਲ ਧੋਖਾ ਕਰਕੇ ਪਹਿਲੀ ਸ਼੍ਰੇਣੀ ਦਾ ਅਪਰਾਧ ਕੀਤਾ ਹੈ। ਦੇਸ਼ ਭਰ ਵਿੱਚ ਲੱਖਾਂ ਲੋਕਾਂ ਦੇ ਆਮਰਪਾਲੀ ਸਮੇਤ ਕਈ ਬਿਲਡਰਾਂ ਦੀ ਧਾਂਦਲੀ ਦਾ ਸ਼ਿਕਾਰ ਹੋਣ ਤੋਂ ਖਿੱਝੀ ਹੋਈ ਅਦਾਲਤ ਨੇ ਆਪਣੀ ਬੇਬਸੀ ਪ੍ਰਗਟਾਉਂਦਿਆਂ ਕਿਹਾ, ‘ਅਸੀਂ ਭ੍ਰਿਸ਼ਟਾਚਾਰ ਲਈ ਮੌਤ ਦੀ ਸਜ਼ਾ ਨਹੀਂ ਦੇ ਸਕਦੇ।’

ਇਸ ਸੰਬੰਧ ਵਿੱਚ ਸੁਪਰੀਮ ਕੋਰਟ ਨੇ ਕੱਲ੍ਹ ਕਿਹਾ ਕਿ ਪੂਰੇ ਭਾਰਤ 'ਚ ਬਿਲਡਰਾਂ ਨੇ ਪ੍ਰਸ਼ਾਸਨ ਤੇ ਬੈਂਕਾਂ ਦੀ ਸ਼ਹਿ ਉੱਤੇ ਨਿਯਮਾਂ ਨੂੰ ਛਿੱਕੇ ਟੰਗ ਕੇ ਉੱਚੀਆਂ ਇਮਾਰਤਾਂ ਖੜੀਆਂ ਕਰ ਲਈਆਂ ਹਨ। ਅਦਾਲਤ ਨੇ ਆਮਰਪਾਲੀ ਗਰੁੱਪ ਸਮੇਤ ਸਾਰੇ ਬਿਲਡਰਾਂ ਦੀਆਂ ਧਾਂਦਲੀਆਂ ਨੂੰ ਅਣਦੇਖਾ ਕਰਨ ਲਈ ਨੋਇਡਾ ਅਤੇ ਗ੍ਰੇਟਰ ਨੋਇਡਾ ਅਥਾਰਿਟੀ ਅਤੇ ਬੈਂਕਾਂ ਨੂੰ ਝਾੜ ਪਾਈ ਹੈ। ਜਸਟਿਸ ਅਰੁਣ ਮਿਸ਼ਰਾ ਅਤੇ ਜਸਟਿਸ ਯੂ ਯੂ ਲਲਿਤ ਦੇ ਬੈਂਚ ਨੇ ਆਮਰਪਾਲੀ ਗਰੁੱਪ ਦੇ ਵੱਖ-ਵੱਖ ਪ੍ਰਾਜੈਕਟਾਂ 'ਚ ਕਰੀਬ 42,000 ਫਲੈਟਾਂ ਦੇ ਕਬਜ਼ੇ ਦੀ ਸਾਲਾਂ ਤੋਂ ਉਡੀਕ ਕਰ ਰਹੇ ਫਲੈਟ ਖਰੀਦਦਾਰਾਂ ਦੀਆਂ ਅਰਜ਼ੀਆਂ ਦੇ ਗਰੁੱਪ ਦੀ ਸੁਣਵਾਈ ਕੀਤੀ ਅਤੇ ਨੋਇਡਾ ਤੇ ਗ੍ਰੇਟਰ ਨੋਇਡਾ ਦੀ ਅਥਾਰਟੀ ਨੂੰ ਕਿਹਾ ਕਿ ਸਮਾਂ ਰਹਿੰਦਿਆਂ ਉਨ੍ਹਾਂ ਦੀ ਕਾਰਵਾਈ ਨਾਲ ਕੁਝ ਪ੍ਰਾਜੈਕਟਾਂ ਨੂੰ ਬਚਾਇਆ ਜਾ ਸਕਦਾ ਸੀ। ਬੈਂਚ ਨੇ ਕਿਹਾ ਕਿ ਅਸੀਂ ਜਾਣਦੇ ਹਾਂ ਕਿ ਰੀਅਲ ਅਸਟੇਟ ਸੈਕਟਰ 'ਚ ਕਿੱਦਾਂ ਦਾ ਭ੍ਰਿਸ਼ਟਾਚਾਰ ਚੱਲਦਾ ਹੈ ਤੇ ਬਿਲਡਰਾਂ ਦੀ ਮਿਲੀਭੁਗਤ ਨਾਲ ਕਿਸ ਤਰ੍ਹਾਂ ਅਫਸਰਾਂ ਨੂੰ ਫਾਇਦਾ ਪਹੁੰਚਾਇਆ ਜਾ ਰਿਹਾ ਹੈ। ਨਿਯਮਾਂ ਦੀ ਅੰਨੇਵਾਹ ਉਲੰਘਣਾ ਕੀਤੀ ਜਾ ਰਹੀ ਹੈ। ਜਨਤਾ ਤੇ ਉਸ ਦੇ ਭਰੋਸੇ ਨੂੰ ਵੱਡੇ ਪੱਧਰ 'ਤੇ ਲੁੱਟਿਆ ਜਾ ਰਿਹਾ ਹੈ। ਬੈਂਚ ਨੇ ਦੁੱਖ ਦੇ ਨਾਲ ਹੀ ਨਿਰਾਸ਼ਾ ਪ੍ਰਗਟਾਉਂਦਿਆਂ ਕਿਹਾ ਕਿ ਏਨੇ ਵੱਡੇ ਪੱਧਰ ਉੱਤੇ ਧੋਖਾ ਸਿਰਫ ਭਾਰਤ 'ਚ ਹੀ ਹੋ ਸਕਦਾ ਹੈ, ਪਰ ਅਸੀਂ ਭ੍ਰਿਸ਼ਟਾਚਾਰ ਲਈ ਸਜ਼ਾ-ਏ-ਮੌਤ ਨਹੀਂ ਦੇ ਸਕਦੇ।

## ਭਾਰਤ ਦੀ ਚੰਦੇਲਾ ਦੁਨੀਆ ਦੀ ਨੰਬਰ ਇੱਕ ਨਿਸ਼ਾਨੇਬਾਜ਼ ਬਣੀ

ਨਵੀਂ ਦਿੱਲੀ, 2 ਮਈ (ਪੋਸਟ ਬਿਊਰੋ)- ਨਿਸ਼ਾਨੇਬਾਜ਼ ਅਪੂਰਵੀ ਚੰਦੇਲਾ ਕੱਲ੍ਹ ਆਈ ਐੱਸ ਐੱਸ ਐੱਫ ਵਿਸ਼ਵ ਰੈਂਕਿੰਗ ਵਿੱਚ ਔਰਤਾਂ ਦੇ 10 ਮੀਟਰ ਏਅਰ ਰਾਈਫਲ ਵਰਗ ਵਿੱਚ ਦੁਨੀਆ ਦੀ ਨੰਬਰ ਇੱਕ ਖਿਡਾਰਨ ਬਣ ਗਈ। ਭਾਰਤ ਦੀ ਇੱਕ ਹੋਰ ਖਿਡਾਰਨ ਅੰਜੁਮ ਮੋਦਗਿਲ ਚੰਗੇ ਪ੍ਰਦਰਸ਼ਨ ਦੇ ਕਾਰਨ ਦੂਸਰੇ ਸਥਾਨ 'ਤੇ ਪਹੁੰਚ ਗਈ ਹੈ।

ਜੈਪੁਰ ਦੀ ਰਾਈਫਲ ਨਿਸ਼ਾਨੇਬਾਜ਼ ਚੰਦੇਲਾ ਉਨ੍ਹਾਂ ਪੰਜ ਭਾਰਤੀ ਨਿਸ਼ਾਨੇਬਾਜ਼ਾਂ ਵਿੱਚ ਸ਼ਾਮਲ ਹੈ ਜਿਨ੍ਹਾਂ ਨੇ ਦੇਸ਼ ਲਈ 2020 ਓਲੰਪਿਕ ਕੋਟਾ ਹਾਸਲ ਕੀਤਾ ਹੈ। ਉਸ ਨੇ ਫਰਵਰੀ ਵਿੱਚ ਆਈ ਐੱਸ ਐੱਸ ਏ ਵਿਸ਼ਵ ਕੱਪ ਵਿੱਚ 252.9 ਦੇ ਵਿਸ਼ਵ ਰਿਕਾਰਡ ਸਕੋਰ ਨਾਲ ਸੋਨੇ ਦਾ ਤਮਗਾ ਜਿੱਤਿਆ ਸੀ ਤੇ 2014 ਗਲਾਸਗੋ ਕਾਮਨਵੈਲਥ ਖੇਡਾਂ ਦਾ ਗੋਲਡ ਮੈਡਲ ਜਿੱਤ ਚੁੱਕੀ ਹੈ। ਸਾਲ 2018 ਦੀਆਂ ਏਸ਼ੀਆਈ ਖੇਡਾਂ ਵਿੱਚ ਚੰਦੇਲਾ ਨੇ 10 ਮੀਟਰ ਮਿਸ਼ਰਤ ਰਾਈਫਲ ਮੁਕਾਬਲੇ ਵਿੱਚ ਸਿਲਵਰ ਮੈਡਲ ਜਿਤਿਆ ਸੀ। ਇਸ ਨਿਸ਼ਾਨੇਬਾਜ਼ ਨੇ ਇਸ ਪ੍ਰਾਪਤੀ ਦੀ ਖੁਸ਼ੀ ਟਵਿੱਟਰ 'ਤੇ ਸਾਂਝੀ ਕਰਦੇ ਹੋਏ ਲਿਖਿਆ, ‘‘ਅੱਜ ਦੁਨੀਆ ਦਾ ਨੰਬਰ ਇੱਕ ਸਥਾਨ ਹਾਸਲ ਕਰ ਕੇ ਆਪਣੀ ਨਿਸ਼ਾਨੇਬਾਜ਼ੀ ਕਰੀਅਰ ਵਿੱਚ ਪ੍ਰਾਪਤੀ ਨੂੰ ਛੂਹ ਲਿਆ।’’ 26 ਸਾਲ ਦੀ ਚੰਦੇਲਾ ਟੋਕੀਓ ਓਲੰਪਿਕ ਦਾ ਕੋਟਾ ਹਾਸਲ ਕਰ ਚੁੱਕੀ ਹੈ, ਪਰ ਉਹ ਬੀਜਿੰਗ ਵਿੱਚ ਹੋਏ ਆਈ ਐੱਸ ਐੱਸ ਐਫ ਵਿਸ਼ਵ ਕੱਪ ਵਿੱਚ 207.8 ਅੰਕ ਦੇ ਕੁੱਲ ਸਕੋਰ ਨਾਲ ਚੌਥੇ ਸਥਾਨ 'ਤੇ ਰਹੀ ਸੀ। ਦੂਸਰੀ ਖਿਡਾਰਨ ਅੰਜੁਮ ਮੋਦਗਿਲ



ਆਪਣੇ 10 ਮੀਟਰ ਏਅਰ ਰਾਈਫਲ ਮੁਕਾਬਲੇ ਵਿੱਚ ਦੂਜੇ ਨੰਬਰ 'ਤੇ ਪਹੁੰਚ ਗਈ ਹੈ। ਉਸ ਨੇ ਬੀਜਿੰਗ ਵਿਸ਼ਵ ਕੱਪ 2019 ਵਿੱਚ ਮਿਕਸਡ ਟੀਮ ਮੁਕਾਬਲੇ ਦਾ ਸੋਨ ਤਮਗਾ ਜਿੱਤਿਆ। ਇਸ ਤੋਂ ਇਲਾਵਾ ਹਰਿਆਣਾ ਦੇ ਮੰਨੂ ਭਾਕਰ ਨੇ 25 ਮੀਟਰ ਪਿਸਟਲ ਵਰਗ ਵਿੱਚ 10ਵੀਂ ਰੈਂਕਿੰਗ ਹਾਸਲ ਕਰ ਲਈ ਹੈ। ਪੁਰਸ਼ ਵਰਗ ਵਿੱਚ ਦਿਵਿਆਂਸ਼ ਸਿੰਘ ਪੰਵਾਰ 10 ਮੀਟਰ ਏਅਰ ਰਾਈਫਲ ਵਰਗ ਵਿੱਚ ਵਿਸ਼ਵ ਦੇ ਚੌਥੇ ਨੰਬਰ ਦੇ ਖਿਡਾਰੀ ਬਣ ਗਏ ਹਨ। ਦਿਵਿਆਂਸ਼ ਨੇ ਬੀਜਿੰਗ ਵਿੱਚ 10 ਮੀਟਰ ਏਅਰ ਰਾਈਫਲ ਅਤੇ 10 ਮੀਟਰ ਏਅਰ ਰਾਈਫਲ ਮਿਸ਼ਰਤ ਟੀਮ ਮੁਕਾਬਲੇ ਵਿੱਚ ਦੋ ਸੋਨੇ ਦੇ ਤਮਗੇ ਜਿੱਤੇ ਸਨ ਅਤੇ 2020 ਟੋਕੀਓ ਓਲੰਪਿਕ ਦਾ ਕੋਟਾ ਹਾਸਲ ਕੀਤਾ ਸੀ। 29 ਸਾਲ ਦੇ ਅਭਿਸ਼ੇਕ ਵਰਮਾ ਨੇ ਵੀ ਬੀਜਿੰਗ ਵਿੱਚ ਸੋਨ ਤਮਗੇ ਨਾਲ ਓਲੰਪਿਕ ਕੋਟਾ ਹਾਸਲ ਕੀਤਾ ਅਤੇ 10 ਮੀਟਰ ਏਅਰ ਪਿਸਟਲ ਵਰਗ ਵਿੱਚ ਤੀਜੀ ਰੈਂਕਿੰਗ 'ਤੇ ਪਹੁੰਚੇ ਹਨ। ਨੌਜਵਾਨ ਸੌਰਭ ਚੌਧਰੀ ਵਿਸ਼ਵ ਦੀ 6ਵੀਂ ਰੈਂਕਿੰਗ 'ਤੇ ਪਹੁੰਚ ਗਏ ਹਨ। ਅਨੀਸ਼ ਭਨਵਾਲਾ ਨੇ ਵੀ 25 ਮੀਟਰ ਰੈਪਿਡ ਫਾਇਰ ਪਿਸਟਲ ਵਰਗ ਵਿੱਚ ਚੋਟੀ 10 ਵਿੱਚ ਜਗ੍ਹਾ ਬਣਾ ਲਈ ਹੈ।

## ਕਾਂਗਰਸ ਨੇ ਪ੍ਰਧਾਨ ਮੰਤਰੀ ਦਫਤਰ ਦੀ ਦੁਰਵਰਤੋਂ ਦੀ ਸ਼ਿਕਾਇਤ ਕੀਤੀ

ਨਵੀਂ ਦਿੱਲੀ, 2 ਮਈ (ਪੋਸਟ ਬਿਊਰੋ)- ਕਾਂਗਰਸ ਪਾਰਟੀ ਨੇ ਪ੍ਰਧਾਨ ਮੰਤਰੀ ਦਫਤਰ (ਪੀ ਐਮ ਓ) ਦੀ ਗਲਤ ਵਰਤੋਂ ਬਾਰੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਹੈ। ਪਾਰਟੀ ਦਾ ਦੋਸ਼ ਹੈ ਕਿ ਪੀ ਐਮ ਓ ਦੀ ਵਰਤੋਂ ਪ੍ਰਧਾਨ ਮੰਤਰੀ ਮੋਦੀ ਦੇ ਚੋਣ ਪ੍ਰਚਾਰ ਤੋਂ ਪਹਿਲਾਂ ਉਨ੍ਹਾਂ ਥਾਵਾਂ ਦੇ ਬਾਰੇ ਜਾਣਕਾਰੀ ਇਕੱਤਰ ਕਰਨ ਲਈ ਹੋ ਰਹੀ ਹੈ।

ਇਸ ਸੰਬੰਧ ਵਿੱਚ ਕਾਂਗਰਸ ਨੇ ਚੋਣ ਕਮਿਸ਼ਨ ਤੋਂ ਮੱਧ ਪ੍ਰਦੇਸ਼ ਦੇ ਸਾਗਰ ਵਿੱਚ ਛੇ ਮਈ ਨੂੰ ਪ੍ਰਧਾਨ ਮੰਤਰੀ ਮੋਦੀ ਦੀ ਰੈਲੀ ਦੇ ਖਿਲਾਫ ਨਿਰਦੇਸ਼ ਜਾਰੀ ਕਰਨ ਦੀ ਮੰਗ ਕੀਤੀ ਹੈ। ਕਾਂਗਰਸ ਪਾਰਟੀ ਦਾ ਦਾਅਵਾ ਹੈ ਕਿ ਸਾਗਰ ਵਿੱਚ ਰੈਲੀ ਹੋਣ ਨਾਲ ਗੁਆਂਢੀ ਪਾਰਲੀਮੈਂਟਰੀ ਖੇਤਰ ਦਮੋਹ ਵਿੱਚ ਹੋਣ ਵਾਲੀ ਵੋਟਿੰਗ ਪ੍ਰਭਾਵਿਤ ਹੋ ਸਕਦੀ ਹੈ। ਇਸ ਬਾਰੇ ਕਾਂਗਰਸ ਦੇ ਸੀਨੀਅਰ ਆਗੂ ਅਭਿਸ਼ੇਕ ਮਨੂ ਸਿੰਘਵੀ ਨੇ ਕਿਹਾ ਕਿ ਪਾਰਟੀ ਨੇ ਚੋਣ ਕਮਿਸ਼ਨ ਨੂੰ ਦੋ ਸ਼ਿਕਾਇਤਾਂ ਕੀਤੀਆਂ ਹਨ। ਇਨ੍ਹਾਂ ਵਿੱਚੋਂ ਇਕ ਸ਼ਿਕਾਇਤ ਚੋਣ ਪ੍ਰਚਾਰ ਲਈ ਸਰਕਾਰੀ ਮਸ਼ੀਨਰੀ ਦੀ ਗਲਤ ਵਰਤੋਂ ਨਾਲ ਜੁੜੀ ਹੈ। ਸਿੰਘਵੀ ਨੇ ਦੋਸ਼ ਲਾਇਆ ਕਿ ਪੀ



ਐਮ ਓ ਅੱਜ ਕੱਲ੍ਹ ਨੀਤੀ ਕਮਿਸ਼ਨ ਦੀ ਗਲਤ ਵਰਤੋਂ ਕਰ ਰਿਹਾ ਹੈ ਤੇ ਉਸ ਨੂੰ ਉਨ੍ਹਾਂ ਜ਼ਿਲਾ ਪ੍ਰਸ਼ਾਸਨਾਂ ਨੂੰ ਪੱਤਰ ਲਿਖਣ ਨੂੰ ਕਿਹਾ ਜਾ ਰਿਹਾ ਹੈ, ਜਿਥੇ ਪ੍ਰਧਾਨ ਮੰਤਰੀ ਅਗਲੇ ਕੁਝ ਦਿਨਾਂ ਵਿੱਚ ਚੋਣ ਪ੍ਰਚਾਰ ਲਈ ਜਾਣਗੇ। ਉਨ੍ਹਾਂ ਦੋਸ਼ ਲਾਇਆ ਕਿ ਪੱਤਰ ਵਿੱਚ ਉਨ੍ਹਾਂ ਥਾਵਾਂ ਦੀਆਂ ਸੰਸਕ੍ਰਿਤਕ ਮਹੱਤਵ ਦੀਆਂ ਜਾਣਕਾਰੀਆਂ ਮੰਗੀਆਂ ਜਾ ਰਹੀਆਂ ਹਨ ਤੇ ਸਥਾਨਕ ਪ੍ਰਸ਼ਾਸਨ ਨੂੰ ਇਕ ਦਿਨ ਦੇ ਅੰਦਰ ਜਵਾਬ ਦੇਣ ਨੂੰ ਕਿਹਾ ਜਾ ਰਿਹਾ ਹੈ। ਸਿੰਘਵੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਕਿਸੇ ਹੋਰ ਚੋਣ ਪ੍ਰਚਾਰਕ ਵਾਂਗ ਹੀ ਪ੍ਰਚਾਰਕ ਹਨ ਅਤੇ ਪ੍ਰਚਾਰ ਲਈ ਸਰਕਾਰੀ ਮਸ਼ੀਨਰੀ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। 40 ਸਾਲ ਪਹਿਲੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਚੋਣ ਇਸੇ ਤਰ੍ਹਾਂ ਦੇ ਦੋਸ਼ ਕਾਰਨ ਰੱਦ ਹੋ ਗਈ ਸੀ।

New Walk in Clinic Open at Chinguacousy Rd & Wanless Dr

Pharmacist available in Clinic

- Experienced lady doctor available for any female issue
- Second opinion or any physical check up for men, women & kids
- Immunization
- Dietisian & Foot care nurse available
- Lab service available
- Free Diabetes consultation available

OPEN 7 DAYS
New patients welcome

We speak your language
Punjabi/Urdu/Hindi

NOW OPEN / WALK IN CLINIC / PHARMACY

TD Bank Plaza Near Chinguacousy & Wanless
Tel: 905-846-4952

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

UPPAL LAW
FREE CONSULTATION !



Avtar Uppal
Manager



Aman Uppal
BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6



# ਵਿਕੀਲੀਕਸ ਦੇ ਮੋਢੀ ਜੂਲੀਅਨ ਅਸਾਂਜ ਨੂੰ 50 ਹਫਤੇ ਦੀ ਸਜ਼ਾ



ਲੰਡਨ, 2 ਮਈ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਕੋਰਟ ਨੇ ਵਿਕੀਲੀਕਸ ਦੇ ਮੋਢੀ ਜੂਲੀਅਨ ਅਸਾਂਜ ਨੂੰ ਸੈਕਸ ਸ਼ੋਸ਼ਣ ਦੇ ਕੇਸ ਵਿੱਚ ਜ਼ਮਾਨਤ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਬਾਰੇ 50 ਹਫਤੇ ਦੀ ਸਜ਼ਾ ਸੁਣਾਈ ਹੈ।

ਲੰਡਨ ਦੀ ਸਾਊਥਵਾਰਕ ਕਰਾਊਨ ਕਰੋਟ ਨੇ ਅਸਾਂਜ ਦੀ ਹਵਾਲਗੀ ਦੀ ਸੁਣਵਾਈ ਤੋਂ ਇੱਕ ਦਿਨ ਪਹਿਲਾਂ ਇਹ ਸਜ਼ਾ ਸੁਣਾਈ। ਅਸਾਂਜ ਦੇ ਵਕੀਲ ਮਾਰਕ ਸਮਰਸ ਨੇ ਕਿਹਾ ਕਿ ਅਸਾਂਜ ਡਰੇ ਹੋਏ ਸਨ। ਉਹ ਮੰਨਦੇ ਹਨ ਕਿ ਜੇ ਬ੍ਰਿਟੇਨ ਨੇ ਉਨ੍ਹਾਂ ਨੂੰ ਸਵੀਡਨ ਨੂੰ ਸੌਂਪ ਦਿੱਤਾ ਤਾਂ ਗਲਤ ਹੋ ਜਾਏਗਾ। ਸਵੀਡਨ ਉਨ੍ਹਾਂ ਨੂੰ ਅਮਰੀਕਾ ਨੂੰ ਸੌਂਪ ਦੇਵੇਗਾ। ਸਮਰਸ ਨੇ ਅਸਾਂਜ ਦੀ ਲਿਖੀ ਚਿੱਠੀ ਵੀ ਕੋਰਟ ਨੂੰ ਪੜ੍ਹਾਈ, ਜਿਸ ਵਿੱਚ ਲਿਖਿਆ ਸੀ, ਮੈਂ ਇਕਵਾਡੋਰ ਦੂਤਘਰ ਵਿੱਚ ਸ਼ਰਨ ਲੈਣ ਦੇ ਲਈ ਮੁਆਫੀ ਚਾਹੁੰਦਾ ਹਾਂ, ਮੈਂ ਖੁਦ ਨੂੰ ਭਿਆਨਕ ਹਾਲਾਤ ਵਿੱਚ ਦੇਖ ਕੇ ਇਹ ਫੈਸਲਾ ਲਿਆ ਸੀ।

# ਅਮਰੀਕੀ ਰਾਸ਼ਟਰਪਤੀ ਟਰੰਪ ਉੱਤੇ 827 ਦਿਨਾਂ ਵਿੱਚ 10,000 ਝੂਠ ਬੋਲਣ ਦਾ ਦੋਸ਼



ਵਾਸ਼ਿੰਗਟਨ, 2 ਮਈ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅੱਜ ਤੱਕ ਦੇ ਆਪਣੇ ਰਾਜ ਦੇ 827 ਦਿਨਾਂ ਦੌਰਾਨ 10000 ਝੂਠ ਬੋਲ ਚੁੱਕੇ ਹਨ ਅਤੇ ਕਈ ਭੁਲੇਖੇ ਭਰੇ ਦਾਅਵੇ ਵੀ ਕਰ ਚੁੱਕੇ ਹਨ।

ਅਖਬਾਰ ਵਾਸ਼ਿੰਗਟਨ ਪੋਸਟ ਦੀ ਫੈਕਟ ਚੈਕਿੰਗ ਵੈਬਸਾਈਟ ਮੁਤਾਬਕ ਪਹਿਲੇ 5000 ਝੂਠ ਬੋਲਣ ਵਿੱਚ ਟਰੰਪ ਨੂੰ 601 ਦਿਨ ਲੱਗੇ। ਇਸ ਦੀ ਔਸਤ ਅੱਠ ਝੂਠ ਰੋਜ਼ਾਨਾ ਰਹੀ। ਅਗਲੇ 5000 ਝੂਠ ਟਰੰਪ ਨੇ ਸਿਰਫ 226 ਦਿਨਾਂ ਵਿੱਚ ਹੀ ਬੋਲ ਦਿੱਤੇ। ਭਾਵ ਇਹ ਕਿ ਹਰ ਰੋਜ਼ 23 ਝੂਠੇ ਦਾਅਵੇ ਉਨ੍ਹਾਂ ਨੇ ਲੋਕਾਂ ਦੇ ਸਾਹਮਣੇ ਪੇਸ਼ ਕੀਤੇ। ਦੋ ਸਾਲ ਦਾ ਰਾਜ ਪੂਰਾ ਹੋਣ ਤੱਕ ਟਰੰਪ ਵੱਲੋਂ ਝੂਠ ਬੋਲਣ ਦੀ ਗਿਣਤੀ 8000 ਨੂੰ ਪਾਰ ਕਰ ਗਈ। ਸਭ ਤੋਂ ਤਾਜ਼ਾ ਅੰਕੜੇ 26 ਅਪ੍ਰੈਲ ਦੇ ਹਨ। ਇਸ ਦਿਨ ਤੱਕ ਉਹ 10000 ਝੂਠੇ ਦਾਅਵੇ ਕਰ ਚੁੱਕੇ ਸਨ। ਮਾਹਰਾਂ ਦਾ ਕਹਿਣਾ ਹੈ ਕਿ ਟਰੰਪ ਦੇ ਝੂਠੇ ਦਾਅਵਿਆਂ ਦੇ ਲਈ ਪਿੱਛੇ ਜਿਹੇ ਹੋਈਆਂ ਮੱਧ-ਕਾਲੀ ਚੋਣਾਂ ਵੀ ਵੱਡਾ ਕਾਰਨ ਹਨ। ਇਸ ਦੌਰਾਨ ਉਨ੍ਹਾਂ ਮੈਕਸੀਕੋ ਦੀ ਸਰਹੱਦ ਦੀ ਕੰਧ ਬਾਰੇ ਕੀਤੀਆਂ ਰੈਲੀਆਂ ਵਿੱਚ ਕਈ ਭੁਲੇਖਾ ਪਾਊ ਦਾਅਵੇ ਕੀਤੇ ਅਤੇ ਇਮੀਗਰੇਸ਼ਨ ਦੇ ਮੁੱਦੇ ਉਤੇ ਹਰ ਪੰਜ ਵਿੱਚੋਂ ਇੱਕ ਦਾਅਵਾ ਝੂਠਾ ਕੀਤਾ ਸੀ। ਟਰੰਪ ਸਿਰਫ ਰੈਲੀਆਂ ਵਿੱਚ ਕੁੱਲ 22 ਫੀਸਦੀ ਝੂਠੇ ਦਾਅਵੇ ਕਰ ਚੁੱਕੇ ਹਨ। ਇਸ ਤੋਂ ਬਿਨਾ ਉਨ੍ਹਾਂ ਦੇ ਟਵਿੱਟਰ ਹੈਂਡਲ ਉਤੇ ਵੀ ਝੂਠੇ ਦਾਅਵਿਆਂ ਦੀ ਭਰਮਾਰ ਰਹੀ ਹੈ। 25 ਤੋਂ 27 ਅਪ੍ਰੈਲ ਵਿਚਾਲੇ ਉਨ੍ਹਾਂ ਲਗਭਗ 171 ਗਲਤ ਗੱਲਾਂ ਕਹੀਆਂ। ਇਨ੍ਹਾਂ ਵਿੱਚ ਜਾਪਾਨ, ਚੀਨ ਅਤੇ ਯੂਰਪੀਨ ਯੂਨੀਅਨ ਨਾਲ ਵਪਾਰਕ ਘਾਟੇ ਬਾਰੇ ਉਨ੍ਹਾਂ ਝੂਠ ਬੋਲਿਆ ਸੀ ਅਤੇ ਟੈਕਸ ਸਿਸਟਮ ਅਤੇ ਓਬਾਮਾ ਕੇਅਰ ਬਾਰੇ ਵੀ ਝੂਠ ਬੋਲਿਆ ਸੀ। ਟਰੰਪ ਨੇ ਪਿੱਛੇ ਜਿਹੇ ਸਾਥੀ ਦੇਸ਼ਾਂ ਨਾਲ ਸੰਬੰਧਾਂ ਬਾਰੇ ਵੀ ਝੂਠ ਬੋਲਣ ਦੀ ਝੜੀ ਲਾ ਦਿੱਤੀ। ਉਨ੍ਹਾਂ ਦਾਅਵਾ ਕੀਤਾ ਕਿ ਅਮਰੀਕਾ ਨੇ ਨਾਟੋ ਦਾ 100 ਫੀਸਦੀ ਖਰਚ ਦਿੱਤਾ, ਜਦ ਕਿ ਇਹ ਗਲਤ ਬਿਆਨ ਸੀ। ਇਸ ਦੇ ਨਾਲ ਉਨ੍ਹਾਂ ਇਹ ਵੀ ਕਿਹਾ ਕਿ ਸਾਊਦੀ ਅਰਬ ਤੇ ਅਮਰੀਕਾ ਵਿਚਾਲੇ 450 ਅਰਬ ਡਾਲਰ ਦੇ ਸੌਦੇ ਹੋਏ, ਜਿਸ ਨੂੰ ਰੱਖਿਆ ਮਾਹਰਾਂ ਨੇ ਝੂਠਾ ਦੱਸਿਆ ਹੈ। ਵਾਸ਼ਿੰਗਟਨ ਪੋਸਟ ਨੇ ਇਸ ਰਿਪੋਰਟ ਵਿੱਚ ਕਿਹਾ ਹੈ ਕਿ ਉਸ ਦਾ ਫੈਕਟ ਚੈਕਰ ਡਾਟਾ ਬੇਸ ਟਰੰਪ ਦੇ ਹਰ ਬਿਆਨ 'ਤੇ ਨਜ਼ਰ ਰੱਖਦਾ ਹੈ।

ਵਰਨਣ ਯੋਗ ਹੈ ਕਿ ਅਖਬਾਰ ਨੇ ਰਾਸ਼ਟਰਪਤੀ ਦੇ 100 ਦਿਨ ਦੀ ਕਵਰੇਜ਼ ਦੌਰਾਨ ਆਨਲਾਈਨ ਪ੍ਰੋਜੈਕਟ ਅਧੀਨ ਫੈਕਟ ਚੈਕਰ ਸ਼ੁਰੂ ਕੀਤਾ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਦੀ ਲੋੜ ਇਸ ਲਈ ਪਈ ਕਿ ਟਰੰਪ ਤੇਜ਼ੀ ਨਾਲ ਝੂਠੇ ਦਾਅਵੇ ਕਰ ਰਹੇ ਸਨ। ਪਹਿਲੇ 100 ਦਿਨ ਵਿੱਚ ਟਰੰਪ ਦੇ ਦਾਅਵਿਆਂ 'ਚ ਲਗਭਗ ਪੰਜ ਝੂਠ ਰੋਜ਼ ਦੀ ਔਸਤ ਵੇਖੀ ਗਈ ਸੀ ਅਤੇ ਉਸ ਤੋਂ ਬਾਅਦ ਟਰੰਪ ਦੇ ਝੂਠ ਵਧਦੇ ਹੀ ਗਏ ਸਨ। ਟੈਕਸ ਕਟੌਤੀ ਬਾਰੇ 142 ਵਾਰ, ਚੀਨ ਨਾਲ ਵਪਾਰ ਬਾਰੇ 106 ਵਾਰ, ਨਾਫਟਾ ਡੀਲ (ਫ੍ਰੀ ਟ੍ਰੇਡ ਐਗਰੀਮੈਂਟ), ਬਾਰਡਰ ਅਤੇ ਇਮੀਗਰੇਸ਼ਨ ਨੀਤੀ ਬਾਰੇ 91 ਵਾਰ, 60 ਲੱਖ ਨੌਕਰੀਆਂ ਬਾਰੇ 85 ਵਾਰ, ਕੈਨੇਡਾ ਵਪਾਰ ਬਾਰੇ 42 ਵਾਰ, ਓਬਾਮਾ ਕੇਅਰ ਬਾਰੇ 42 ਵਾਰ, ਕਾਰ ਟੈਕਸ ਬਾਰੇ 29 ਵਾਰ ਰਾਸ਼ਟਰਪਤੀ ਨੇ ਇਸ ਤਰ੍ਹਾਂ ਦੇ ਝੂਠੇ ਦਾਅਵੇ ਕੀਤੇ ਸਨ।

# ਬ੍ਰਿਟੇਨ ਵਿੱਚ ਪਹਿਲੀ ਵਾਰ ਵੋਟਰਾਂ ਨੇ ਦਾਗ਼ੀ ਪਾਰਲੀਮੈਂਟ ਮੈਂਬਰ ਨੂੰ ਬੇਦਖਲ ਕੀਤਾ



ਲੰਡਨ, 2 ਮਈ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਆਪਣੀ ਕਿਸਮ ਦੇ ਪਹਿਲੇ ਕੇਸ ਵਿਚ ਵੋਟਰਾਂ ਨੇ ਇਕ ਜੁਰਮ ਦੀ ਸਜ਼ਾ ਪਾ ਚੁੱਕੀ ਪਾਰਲੀਮੈਂਟ ਮੈਂਬਰ ਫਿਓਨਾ ਓਨਸਾਨਿਆ ਨੂੰ ਐਮ ਪੀ ਵਜੋਂ ਬੇਦਖ਼ਲ ਕਰ ਦਿੱਤਾ ਹੈ। ਬ੍ਰਿਟਿਸ਼ ਪਾਰਲੀਮੈਂਟ ਵਿੱਚ ਖ਼ਾਲੀ ਹੋਈ ਉਸ ਦੀ ਸੀਟ ਲਈ ਅਗਲੇ ਮਹੀਨੇ ਚੋਣ ਕਰਵਾਈ ਜਾਵੇਗੀ।

ਪੂਰਬੀ ਇੰਗਲੈਂਡ ਦੇ ਪੀਟਰਬਰੋ ਸ਼ਹਿਰ ਵਿੱਚੋਂ ਜੂਨ 2017 ਵਿਚ ਪਾਰਲੀਮੈਂਟ ਮੈਂਬਰ ਚੁਣੀ ਗਈ ਫਿਓਨਾ ਨੂੰ ਤੇਜ਼ ਰਫ਼ਤਾਰ ਨਾਲ ਕਾਰ ਚਲਾਉਣ ਦੀ ਦੋਸ਼ੀ ਠਹਿਰਾਇਆ ਗਿਆ ਸੀ। ਇਸ ਲਈ ਉਨ੍ਹਾਂ ਨੂੰ ਬੀਤੇ ਜਨਵਰੀ ਨੂੰ ਤਿੰਨ ਮਹੀਨੇ ਜੇਲ੍ਹ ਦੀ ਸਜ਼ਾ ਹੋਈ ਸੀ। ਇਸ ਤੋਂ ਬਾਅਦ 35 ਸਾਲਾ ਫਿਓਨਾ ਨੂੰ ਲੇਬਰ ਪਾਰਟੀ ਤੋਂ ਕੱਢ ਦਿੱਤਾ ਗਿਆ ਸੀ। ਫਿਓਨਾ ਨੂੰ ਆਜ਼ਾਦ ਪਾਰਲੀਮੈਂਟ ਮੈਂਬਰ ਵਜੋਂ ਮੈਂਬਰੀ ਬਚਾਈ ਰੱਖਣ ਦੀ ਆਸ ਸੀ, ਪਰ ਵੋਟਰਾਂ ਨੇ ਉਨ੍ਹਾਂ ਦੀ ਇਸ ਆਸ ਉੱਤੇ ਪਾਣੀ ਫੇਰ ਦਿੱਤਾ। ਉਨ੍ਹਾਂ ਦੇ ਪਾਰਲੀਮੈਂਟ ਹਲਕੇ ਦੇ 28 ਫ਼ੀਸਦੀ ਵੋਟਰਾਂ ਨੇ ਫਿਓਨਾ ਨੂੰ ਪਾਰਲੀਮੈਂਟ ਤੋਂ ਕੱਢਣ ਦੀ ਅਰਜ਼ੀ ਉੱਤੇ ਦਸਖ਼ਤ ਕੀਤੇ ਤਾਂ ਇਸ ਤੋਂ ਬਾਅਦ ਲੇਬਰ ਪਾਰਟੀ ਨੇ ਵੀਰਵਾਰ ਪਾਰਲੀਮੈਂਟ ਦੇ ਹਾਊਸ ਆਫ ਕਾਮਨਜ਼ ਵਿਚ ਇਕ ਮਤਾ ਪੇਸ਼ ਕੀਤਾ, ਜਿਸ ਵਿਚ ਫਿਓਨਾ ਦੀ ਸੀਟ ਉਤੇ 6 ਜੂਨ ਨੂੰ ਚੋਣ ਕਰਵਾਉਣ ਦੀ ਮੰਗ ਰੱਖੀ ਹੈ।

ਅਸਲ ਵਿੱਚ ਬ੍ਰਿਟੇਨ ਦੇ ਕਿਸੇ ਪਾਰਲੀਮੈਂਟ ਮੈਂਬਰ ਦੀ ਬੇਦਖ਼ਲ ਲਈ ਘੱਟੋ-ਘੱਟ 10 ਫ਼ੀਸਦੀ ਵੋਟਰਾਂ ਦੇ ਦਸਖ਼ਤ ਜ਼ਰੂਰੀ ਹਨ। ਇਹ ਤਰੀਕਾ ਅਜਿਹੇ ਪਾਰਲੀਮੈਂਟ ਮੈਂਬਰ ਨੂੰ ਬੇਦਖ਼ਲ ਕਰਨ ਲਈ ਵਰਤਿਆ ਜਾਂਦਾ ਹੈ ਜਿਸ ਨੂੰ ਕਿਸੇ ਕੇਸ ਦੀ ਇਕ ਸਾਲ ਤੋਂ ਘੱਟ ਸਜ਼ਾ ਹੁੰਦੀ ਹੈ।

# ਦਸਤਾਰ ਦੀ ਮਹੱਤਤਾ ਦਰਸਾਈ

ਬ੍ਰਿਸਬੇਨ, 2 ਮਈ (ਪੋਸਟ ਬਿਊਰੋ)- ਇੱਥੇ ਯੂਨੀਵਰਸਿਟੀ ਆਫ ਕੁਈਨਜ਼ਲੈਂਡ ਵਿਚ ਹੋਏ ਸੱਭਿਆਚਾਰਕ ਮੇਲੇ ਦੌਰਾਨ ਵੱਖ-ਵੱਖ ਮੁਲਕਾਂ ਦੇ ਵਿਦਿਆਰਥੀਆਂ ਨੇ ਸਟਾਲਾਂ ਲਾਈਆਂ ਅਤੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ। ਭਾਰਤੀ ਪਿਛੋਕੜ ਵਾਲੇ ਵਿਦਿਆਰਥੀਆਂ ਨੇ ਭਾਰਤੀ ਵਿਰਸੇ ਦੀ ਝਲਕ ਭਾਰਤੀ ਖਾਣੇ ਅਤੇ ਮਹਿੰਦੀ ਲਾਉਣ ਦੀਆਂ ਸਟਾਲਾਂ ਰਾਹੀਂ ਪੇਸ਼ ਕੀਤੀ। ਯੂਨੀਵਰਸਿਟੀ ਕੁਈਨਜ਼ਲੈਂਡ ਸਿੱਖ ਐਸੋਸੀਏਸ਼ਨ ਦੇ ਵਿਦਿਆਰਥੀਆਂ ਨੇ ਸਿੱਖ ਇਤਿਹਾਸ, ਧਰਮ ਅਤੇ ਵਿਰਸੇ ਵਿਚ ਦਸਤਾਰ ਦੀ ਮਹੱਤਤਾ ਦੀ ਜਾਣਕਾਰੀ ਦੇਣ ਲਈ ਵਿਸ਼ੇਸ਼ ਸਟਾਲ ਲਗਾਇਆ ਅਤੇ ਲੋਕਾਂ ਦੇ ਸਿਰਾਂ ’ਤੇ ਦਸਤਾਰਾਂ ਸਜਾਈਆਂ। ਮੇਲੇ ਵਿਚ ਸ਼ਿਰਕਤ ਦੌਰਾਨ ਗ੍ਰੀਨ ਪਾਰਟੀ ਦੇ ਰਾਇਨ ਹਲਕੇ ਦੇ ਉਮੀਦਵਾਰ ਜੇਕ ਸ਼ਰਮਰ ਨੇ ਪੱਗ ਬੰਨ੍ਹਵਾਉਣ ਅਤੇ ਇਸ ਦੀ ਮਹੱਤਤਾ ਜਾਣਨ ਵਿਚ ਖ਼ਾਸ ਦਿਲਚਸਪੀ ਦਿਖਾਈ।

# ਭੇਦ ਸੁਰੱਖਿਅਤ ਰੱਖਣ ਲਈ ਫੇਸਬੁੱਕ ਬਦਲਾਅ ਕਰ ਰਿਹੈ



ਸੈਨਹੋਜ਼ੇ, 2 ਮਈ (ਪੋਸਟ ਬਿਊਰੋ)- ਫੇਸਬੁੱਕ ਦੇ ਸੀ ਈ ਓ ਮਾਰਕ ਜ਼ੁਕਰ-ਬਰਗ ਨੇ ਦੱਸਿਆ ਹੈ ਕਿ ਉਨ੍ਹਾਂ ਦੀ ਕੰਪਨੀ ਗਾਹਕਾਂ ਦੀ ਨਿੱਜਤਾ ਸੁਰੱਖਿਅਤ ਰੱਖਣ ਲਈ ਵਚਨਬੱਧ ਹੈ। ਅਜਿਹਾ ਪਲੇਟਫਾਰਮ ਬਣਾਇਆ ਜਾ ਰਿਹਾ ਹੈ ਕਿ ਫੇਸਬੁੱਕ ਅਤੇ ਉਸ ਦੇ ਸਹਿਯੋਗੀ ਪਲੇਟਫਾਰਮ ਮੈਸੰਜਰ, ਵਾਟਸਐਪ ਤੇ ਇੰਸਟਾਗ੍ਰਾਮ 'ਤੇ ਗੱਲਬਾਤ ਰਾਜ਼ ਰਹੇ ਤੇ ਵਰਤੋਂਕਾਰਾਂ ਦਾ ਡਾਟਾ ਸੁਰੱਖਿਅਤ ਹੋਵੇ। ਇਥੇ ਕੰਪਨੀ ਦੇ ਪ੍ਰਮੁੱਖ ਪ੍ਰੋਗਰਾਮ ਐਫ-8 ਵਿੱਚ ਬੋਲਦਿਆਂ ਜ਼ੁਕਰਬਰਗ ਨੇ ਮੰਨਿਆ ਕਿ ਕੰਪਨੀ ਦੇ ਪਲੇਟਫਾਰਮ 'ਤੇ ਰਾਜ਼ਦਾਰੀ ਸਬੰਧੀ ਚਿੰਤਾਵਾਂ ਮੌਜੂਦ ਹਨ। ਜ਼ੁਕਰਬਰਗ ਨੇ ਕਿਹਾ ਕਿ ਜਿਵੇਂ-ਜਿਵੇਂ ਦੁਨੀਆ ਵੱਡੀ ਹੁੰਦੀ ਤੇ ਜੁੜਦੀ ਜਾਂਦੀ ਹੈ, ਸਾਨੂੰ ਨੇੜਤਾ ਦੀ ਭਾਵਨਾ ਲੋੜ ਪਹਿਲਾਂ ਨਾਲੋਂ ਵਧੇਰੇ ਹੁੰਦੀ ਹੈ। ਇਸ ਲਈ ਮੇਰਾ ਮੰਨਣਾ ਹੈ ਕਿ ਆਉਣ ਵਾਲਾ ਸਮਾਂ ਨਿੱਜਤਾ ਦਾ ਹੀ ਹੈ। ਉਨ੍ਹਾਂ ਕਿਹਾ ਕਿ ਇਹ ਸਾਡੀਆਂ ਸੇਵਾਵਾਂ ਲਈ ਇੱਕ ਵੱਖਰਾ ਕਾਂਡ ਹੈ, ਇਸ ਨੂੰ ਹਲਕੇ 'ਚ ਲੈਣ ਕਾਰਨ ਰਾਜ਼ਦਾਰੀ ਬਾਰੇ ਸਾਡੀ ਪ੍ਰਤਿਸ਼ਠਾ ਮਜ਼ਬੂਤ ਨਹੀਂ, ਪਰ ਮੈਂ ਇਸ ਨੂੰ ਬਿਹਤਰ ਬਣਾਉਣ ਅਤੇ ਆਪਣੇ ਉਤਪਾਦਾਂ ਲਈ ਇਕ ਨਵੇਂ ਅਧਿਆਏ ਦੀ ਸ਼ੁਰੂਆਤ ਕਰਨ ਲਈ ਪ੍ਰਤੀਬੱਧ ਹਾਂ। ਜ਼ੁਕਰਬਰਗ ਨੇ ਕਿਹਾ ਕਿ ਇਸ ਤਰ੍ਹਾਂ ਨਾਲ ਬਦਲਾਅ ਕੀਤਾ ਜਾ ਰਿਹਾ ਹੈ ਤੇ ਨਵੇਂ ਫੀਚਰ ਜੋੜੇ ਜਾ ਰਹੇ ਹਨ, ਜਿਸ ਨਾਲ ਯੂਜ਼ਰਜ਼ ਨਾਲ ਜੁੜੀਆਂ ਸਾਰੀ ਤਰ੍ਹਾਂ ਦੀ ਜਾਣਕਾਰੀ ਰਾਜ਼ ਰਹੇ। ਇਸ 'ਚ ਉਨ੍ਹਾਂ ਦੇ ਸੰਦੇਸ਼, ਉਨ੍ਹਾਂ ਦੇ ਗਰੁੱਪ ਦੀ ਜਾਣਕਾਰੀ, ਭੁਗਤਾਨ ਤੇ ਇਥੋਂ ਤੱਕ ਕਿ ਲੋਕੇਸ਼ਨ ਦੀ ਜਾਣਕਾਰੀ ਵੀ ਸ਼ਾਮਲ ਹੈ।

ਭਾਰਤ ਨੂੰ ਆਪਣੇ ਸਭ ਤੋਂ ਵੱਡਾ ਬਾਜ਼ਾਰ ਦੇ ਰੂਪ 'ਚ ਦੇਖਣ ਵਾਲੇ ਫੇਸਬੁੱਕ ਵਾਂਕ ਇਹ ਕੋਸ਼ਿਸ਼ ਵੀ ਹੋ ਰਹੀ ਹੈ ਕਿ ਇਥੇ ਇਸ ਦੇ ਪਲੇਟਫਾਰਮ ਦਾ ਇਸਤੇਮਾਲ ਗਲਤ ਸੂਚਨਾਵਾਂ ਫੈਲਾਉਣ ਲਈ ਨਾ ਕੀਤਾ ਜਾ ਸਕੇ।

# ਤਿੰਨ ਤਲਾਕ ਤੇ 7 ਬੱਚਿਆਂ ਦੇ ਪਿਓ ਥਾਈਲੈਂਡ ਦੇ ਰਾਜਾ ਨੇ ਚੌਥਾ ਵਿਆਹ ਕਰਵਾਇਆ

## * ਸੁਰੱਖਿਆ ਮੁਲਾਜ਼ਮ ਹੀ ਦੇਸ਼ ਦੀ ਰਾਣੀ ਬਣਾ ਲਈ



ਬੈਂਕਾਕ, 2 ਮਈ (ਪੋਸਟ ਬਿਊਰੋ)- ਥਾਈਲੈਂਡ ਦੇ ਰਾਜਾ ਵਜੀਰਾਲੋਂਗਕੋਰਨ ਨੇ ਆਪਣੇ ਰਾਜ ਤਿਲਕ ਤੋਂ ਪਹਿਲਾਂ ਅਜਿਹਾ ਕਦਮ ਚੁੱਕਿਆ ਹੈ, ਜਿਸ ਦੀ ਹਰ ਥਾਂ ਚਰਚਾ ਹੈ। ਉਸ ਨੇ ਆਪਣੇ ਨਿੱਜੀ ਸੁਰੱਖਿਆ ਦਸਤੇ ਦੀ ਡਿਪਟੀ ਕਮਾਂਡਰ ਸੁਥਿਦਾ ਨਾਲ ਵਿਆਹ ਕਰ ਲਿਆ ਹੈ। ਇਸ ਪਿੱਛੋਂ ਸ਼ਾਹੀ ਮਹਿਲ ਨੇ ਇਕ ਅਧਿਕਾਰਕ ਬਿਆਨ ਜਾਰੀ ਕੀਤਾ ਹੈ। 66 ਸਾਲਾ ਰਾਜਾ ਵਜੀਰਾਲੋਂਗਕੋਰਨ ਦਾ ਇਹ ਚੌਥਾ ਵਿਆਹ ਹੈ। ਉਨ੍ਹਾਂ ਦੀਆਂ ਪਹਿਲੀਆਂ ਤਿੰਨ ਰਾਣੀਆਂ ਤੋਂ ਉਨ੍ਹਾਂ ਦੇ 5 ਪੁੱਤਰ ਅਤੇ 2 ਧੀਆਂ ਹਨ। ਉਹ ਆਪਣੀਆਂ ਤਿੰਨੇ ਪਤਨੀਆਂ ਨੂੰ ਤਲਾਕ ਦੇ ਚੁੱਕੇ ਹਨ। 44 ਸਾਲਾ ਸੁਥਿਦਾ ਦਾ ਪੂਰਾ ਨਾਂ ਸੁਥਿਦਾ ਤਿਦਜਈ ਹੈ ਤੇ ਉਹ ਥਾਈ ਏਅਰਵੇਜ਼ ਦੇ ਲਈ ਫ਼ਲਾਈਟ ਅਟੈਂਡੈਂਟ ਵੀ ਰਹਿ ਚੁੱਕੀ ਹੈ। ਸਾਲ 2014 ਵਿੱਚ ਵਜੀਰਾਲੋਂਗਕੋਰਨ ਨੇ ਸੁਥਿਦਾ ਨੂੰ ਆਪਣੀ ਬਾਡੀਗਾਰਡ ਯੂਨਿਟ ਦੀ ਡਿਪਟੀ ਕਮਾਂਡਰ ਬਣਾਇਆ ਸੀ ਤੇ ਦਸੰਬਰ 2016 ਵਿੱਚ ਸੁਥਿਦਾ ਨੂੰ ਸੈਨਾਪਤੀ ਬਣਾ ਕੇ 2017 ਵਿੱਚ ਥਾਨਪੂਇੰਗ ਬਣਾਇਆ। ਥਾਨਪੂਇੰਗ ਸ਼ਾਹੀ ਅਹੁਦਾ ਹੁੰਦਾ ਹੈ, ਜਿਸ ਦਾ ਮਤਲਬ ਲੇਡੀ ਹੁੰਦਾ ਹੈ। ਵਰਨਣ ਯੋਗ ਹੈ ਕਿ 13 ਅਕਤੂਬਰ 2016 ਨੂੰ ਸਾਬਕਾ ਰਾਜੇ ਭੂਮਿਬੋਲ ਅਦੁਲਯਾਦੇਜ਼ ਦਾ ਦੇਹਾਂਤ ਹੋਇਆ ਸੀ। ਭੂਮਿਬੋਲ ਅਦੁਲਯਾਦੇਜ਼ ਦੁਨੀਆ ਵਿੱਚ ਸਭ ਤੋਂ ਲੰਮਾ ਸਮਾਂ ਰਾਜ ਕਰਨ ਵਾਲੇ ਰਾਜਾ ਸਨ। ਉਨ੍ਹਾਂ ਦਾ ਦੇਹਾਂਤ 88 ਸਾਲ ਦੀ ਉਮਰ ਵਿੱਚ ਹੋਇਆ ਸੀ। ਇਸ ਤੋਂ ਬਾਅਦ ਥਾਈਲੈਂਡ ਦੇ ਰਾਜਾ ਵਜੀਰਾਲੋਂਗਕੋਰਨ ਨੇ ਅਕਤੂਬਰ 2016 ਵਿੱਚ ਦੇਸ਼ ਦੀ ਪਾਰਲੀਮੈਂਟ ਤੋਂ ਪਾਸ ਕੀਤੇ ਰਾਜਾ ਬਣਨ ਦੇ ਮਤੇ ਨੂੰ ਸਵੀਕਾਰ ਕੀਤਾ ਸੀ।

# ਨੀਰਵ ਜ਼ਮਾਨਤ ਲਈ 8 ਮਈ ਨੂੰ ਇਕ ਹੋਰ ਅਰਜ਼ੀ ਦਾਖ਼ਲ ਕਰੇਗਾ

ਲੰਡਨ, 2 ਮਈ (ਪੋਸਟ ਬਿਊਰੋ)- ਪੀਐੱਨਬੀ ਨਾਲ ਧੋਖਾਧੜੀ ਦੇ ਮਾਮਲੇ ਦਾ ਸਾਹਮਣਾ ਕਰ ਰਿਹਾ ਭਗੌੜਾ ਹੀਰਾ ਕਾਰੋਬਾਰੀ ਨੀਰਵ ਮੋਦੀ 8 ਮਈ ਨੂੰ ਯੂਕੇ ਦੀ ਅਦਾਲਤ ਵਿਚ ਇਕ ਹੋਰ ਜ਼ਮਾਨਤ ਅਰਜ਼ੀ ਦਾਖ਼ਲ ਕਰੇਗਾ। 19 ਮਾਰਚ ਨੂੰ ਗ੍ਰਿਫ਼ਤਾਰ ਕੀਤਾ ਗਿਆ ਮੋਦੀ (48) ਇਸ ਵੇਲੇ ਦੱਖਣ-ਪੱਛਮੀ ਲੰਡਨ ਦੀ ਵੈਂਡਸਵਰਥ ਜੇਲ੍ਹ ਵਿਚ ਹੈ। ਉਸ ਦੀਆਂ ਪਹਿਲੀਆਂ ਦੋ ਜ਼ਮਾਨਤ ਅਰਜ਼ੀਆਂ ਰੱਦ ਹੋ ਚੁੱਕੀਆਂ ਹਨ। ਤੀਜੀ ਅਰਜ਼ੀ ਨਾਲ ਉਹ 8 ਮਈ ਨੂੰ ਵੈਸਟਮਿੰਸਟਰ ਅਦਾਲਤ ਵਿਚ ਪੇਸ਼ ਹੋਵੇਗਾ। ਕੇਸ ਦੀ ਇਸ ਤੋਂ ਪਹਿਲਾਂ ਸੁਣਵਾਈ 26 ਅਪਰੈਲ ਨੂੰ ਹੋਈ ਸੀ ਤੇ ਮੋਦੀ ਵੀਡੀਓ ਲਿੰਕ ਰਾਹੀਂ ਪੇਸ਼ ਹੋਇਆ ਸੀ। ਅਦਾਲਤ ਨੇ ਉਸ ਦੀ 24 ਮਈ ਤੱਕ ਹਿਰਾਸਤ ਦਿੱਤੀ ਹੋਈ ਹੈ। ਨੀਰਵ ਕਿਸੇ ‘ਨਵੇਂ ਸਬੂਤ’ ਦੇ ਹਵਾਲੇ ਨਾਲ ਅਦਾਲਤ ਕੋਲੋਂ ਜ਼ਮਾਨਤ ਦੇਣ ਦੀ ਮੰਗ ਕਰੇਗਾ।

# ਯੂਐਨ ਮਹਾਸਭਾ ’ਚ ਔਰਤਾਂ ਨੂੰ ਘੱਟ ਨੁਮਾਇੰਦਗੀ ਦਾ ਮੁੱਦਾ ਉਠਾਇਆ

ਸੰਯੁਕਤ ਰਾਸ਼ਟਰ, 2 ਮਈ (ਪੋਸਟ ਬਿਊਰੋ)- ਭਾਰਤ ਨੇ ਸੰਯੁਕਤ ਰਾਸ਼ਟਰ ਮਹਾਸਭਾ ਵਿਚ ਔਰਤਾਂ ਨੂੰ ਘੱਟ ਨੁਮਾਇੰਦਗੀ ਮਿਲਣ ਦਾ ਮੁੱਦਾ ਉਠਾਉਂਦਿਆਂ ਕਿਹਾ ਹੈ ਕਿ ਵਿਸ਼ਵ ਪੱਧਰੀ ਸੰਗਠਨ ਦੀ ਜਨਰਲ ਅਸੈਂਬਲੀ (ਮਹਾਸਭਾ) ਦੇ 70 ਵਰ੍ਹਿਆਂ ਦੇ ਇਤਿਹਾਸ ਵਿਚ ਹੁਣ ਤੱਕ ਸਿਰਫ਼ ਚਾਰ ਮਹਿਲਾਵਾਂ ਨੂੰ ਪ੍ਰਧਾਨਗੀ ਦੀ ਜ਼ੰਿਮੇਵਾਰੀ ਸੌਂਪੀ ਗਈ ਹੈ। ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਕਾਊਂਸਲਰ ਅੰਜਨੀ ਕੁਮਾਰ ਨੇ ਐੱਡਹਾਕ ਵਰਕਿੰਗ ਗਰੁੱਪ ਦੀ ਮੀਟਿੰਗ ਵਿਚ ਕਿਹਾ ਕਿ ਭਾਰਤ ਦੀ ਵਿਜੈ ਲਕਸ਼ਮੀ ਪੰਡਿਤ ਨੂੰ ਮਹਾਸਭਾ ਦੀ ਪਹਿਲੀ ਮਹਿਲਾ ਪ੍ਰਧਾਨ ਬਣਨ ਦਾ ਮਾਣ ਹਾਸਲ ਹੋਇਆ ਸੀ। ਇਹ ਵੀ ਤਸੱਲੀ ਵਾਲੀ ਗੱਲ ਹੈ ਕਿ ਹੁਣ ਵੀ ਪ੍ਰਧਾਨ ਇਕ ਔਰਤ ਹੀ ਹੈ ਪਰ ਜੇ ਪੂਰੇ ਇਤਿਹਾਸ ’ਤੇ ਨਜ਼ਰ ਮਾਰੀਏ ਤਾਂ ਜਿੰਨੀ ਨੁਮਾਇੰਦਗੀ ਮਿਲਣੀ ਚਾਹੀਦੀ ਸੀ, ਉਸ ਤਰ੍ਹਾਂ ਦੀ ਨਹੀਂ ਮਿਲ ਸਕੀ। ਮੌਜੂਦਾ ਸਮੇਂ ਇਕੁਆਡੋਰ ਦੀ ਮਰੀਆ ਫਰਨਾਂਡਾ ਏਸਪਿਨੋਸਾ ਗਾਰਸੇਸ ਜਨਰਲ ਅਸੈਂਬਲੀ ਦੀ ਪ੍ਰਧਾਨ ਵਜੋਂ ਸੇਵਾਵਾਂ ਦੇ ਰਹੀ ਹੈ। ਜਦਕਿ ਦੋ ਹੋਰ ਪ੍ਰਧਾਨਗੀ ਸੰਭਾਲਣ ਵਾਲੀਆਂ ਮਹਿਲਾਵਾਂ ਵਿਚ ਲਾਇਬੇਰੀਆ ਦੀ ਐਂਜੀ ਬਰੁੱਕਸ (1969) ਤੇ ਬਹਿਰੀਨ ਦੀ ਹਯਾ ਰਾਸ਼ਿਦ ਅਲ਼ ਖ਼ਲੀਫ਼ਾ (2006) ਸ਼ਾਮਲ ਸਨ। ਕੁਮਾਰ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਦੀ ਸਫ਼ਲਤਾ ਬਹੁਤੀ ਇਸੇ ਗੱਲ ’ਤੇ ਨਿਰਭਰ ਕਰਦੀ ਹੈ ਕਿ ਆਲਮੀ ਚੁਣੌਤੀਆਂ ਵਿਚ ਸ਼ਾਮਲ ਮੁੱਦਿਆਂ ਨੂੰ ਕਿੰਨੀ ਗੰਭੀਰਤਾ ਨਾਲ ਲਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਵਿਚ ਮਹਾਸਭਾ ਪ੍ਰਧਾਨ ਦੀ ਭੂਮਿਕਾ ਬੇਹੱਦ ਅਹਿਮ ਹੁੰਦੀ ਹੈ। ਜਦਕਿ ਪ੍ਰਧਾਨ ਦੇ ਦਫ਼ਤਰ ਨੂੰ ਮਿਲਦੇ ਫੰਡ ਤੇ ਸੁਵਿਧਾਵਾਂ ਨਾਕਾਫ਼ੀ ਹਨ। ਉਨ੍ਹਾਂ ਕਿਹਾ ਕਿ ਕਾਰਜਪ੍ਰਣਾਲੀ ਨੂੰ ਚੁਸਤ-ਦਰੁਸਤ ਕਰਨ ਲਈ ਇਹ ਖੱਪਾ ਪੂਰਿਆ ਜਾਣਾ ਜ਼ਰੂਰੀ ਹੈ।


Call for Free Estimates

A-1 RENOVATION GTA INC

416-456-1462

OVER 15 YEARS OF SERVICE

Professionals In Completing Basements within 3 Weeks

$1,000

Services:
- Complete Basement
- Tiles
- Bathrooms
- Plumbing
- Laminate
- Hardwood Floor
- Painting

info@a1renovationgta.com
www.a1renovationgta.com

A-1 RENOVATION GTA INC.
22 Listcreek Road, Brampton L6p 2n6

FIRST CHOICE FINANCIAL LIMITED
TRUCK LOANS

ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

Honesty, Reliability, Commitment

Hira Randhawa
Broker

HOMELIFE SILVERCITY

- 1 yr Home Warranty
- 40% Discount on Brand Name
- Appliances & Furniture
- Free Evaluation & Lowest Commission

www.hirarandhawa.com
hirarandhawa@yahoo.ca

“OPEN HOUSE UNTIL SOLD”

For all your Real Estate needs: 416.319.0551 or 905.913.8585

$679,000 — William Prkwy/Chinguacouasy
All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks.

$699,000 — Morning Star/Airport
Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt.

$778,900 — Charolais & Chinguacouasy
Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown.

$789,000 — Chinguacousy/Drinkwater
Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite...

Call For:
RESP, SUPER -VISA,& TRAVEL
Insurance
H.Randhawa
416-319-0551

MICHELIN · Hankook · Continental · ROADLUX · BFGoodrich · AEOLUS · COMPASAL · Chevron · Delo

BEST TRUCK REPAIR & TIRE CENTRE

We also Specialize in Engine, Transmission, Differential Rebuild, Safety Inspection & All Kinds of Electric Work

ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ

7 ਦਿਨ ਖੁੱਲਾ

SPECIAL ON TRUCK ALIGNMENT | BRAND NEW MACHINES 2018

Brake & Drum -Made in U.S - On Special Sale!

Special Sale 4 CAT Batteries $550 with Installation

Special Sale on Smartway Approved Tires $245 each

www.besttruckrepairandtire.ca | Email: ranjitbesttruck@yahoo.ca

Winter Sale Dhamaka

Special OIL CHANGE Rates

1715 Sismet Rd, Mississauga | Call Ranjit: 416.624.8351 | Tel: 905.625.0055







## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5’-11”, ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6’2”, MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5’5”, ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5’-7”, Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804


Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5’11”, ਨਸ਼ਿਆਂ ਤੋਂ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5’10”, Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ ’ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060


YOUR AD HERE
Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

Jat sikh virk family looking for a well educated,tall & handome canadian citizen/Immigrant , never married vegetarian, non-drinker match for their 36 years old, 5-6" tall never married well educated and working in reputed bank, spiritual and family oriented daughter. Please send your picture at jeetk1631@gmail.com or call between Weekdays 6pm till 9pm; weekend 8 am to 9 pm and at 647-562-1631. Marriage bureau please stay away. 1 week

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5’-5”, ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5’-4”, +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5’-6”, Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5’4”, ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5’-3”, ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ ’ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076


Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post



### Cell n Tell Distribution Inc.
1-401 Traders Blvd E, Mississauga, ON

Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.

- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

### Wanted Office Clerk & Office Administrator

- Fluent in English & Hindi are essential
- Good communication skills
- Good computer skills
- Willing to work in a fast paced work environment.

Please Email Resume at: molly@jfgroup.ca

### Cell n Tell Distribution Inc.
1-401 Traders Blvd E, Mississauga, ON

Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.

- $50 per hr
- Experience: 5 years or more
- Education: Bachelors Degree Business/Commerce

Email Resume at umar.w@cellntell.com




# ਪੇਡ ਨਿਊਜ਼: ਮੀਡੀਆ ਭਰੋਸੇਯੋਗਤਾ ਦੇ ਖ਼ਾਤਮੇ ਵੱਲ ਵਧਦੇ ਕਦਮ



ਭਾਰਤ ਭੂਸ਼ਨ ਆਜ਼ਾਦ

ਭਾਰਤ ਵਿੱਚ ਚੋਣਾਂ ਦਾ ਮੌਸਮ ਮੀਡੀਆ ਲਈ 'ਸਰਾਧਾਂ' ਦਾ ਤਿਓਹਾਰ ਹੁੰਦਾ ਹੈ। ਇਸ ਮਹੀਨੇ ਜਿੰਨੀ ਜਿਸ ਦੀ ਸਮਰੱਥਾ, ਓਨਾ ਹੀ ਉਸ ਨੂੰ ਪ੍ਰਸ਼ਾਦ ਮਿਲਦਾ ਹੈ। ਇਸ ਮੌਸਮ 'ਚ ਚੁਣਿੰਦਾ ਮੀਡੀਆ ਹਾਊਸਾਂ ਨੂੰ ਛੱਡ ਕੇ ਜ਼ਿਆਦਾਤਰ ਅਦਾਰੇ ਚੋਰੀ ਛੁਪੇ ਮਾਇਆ 'ਚ ਠੁਮਕਾ ਲਾਉਣ ਨੂੰ ਤਰਜੀਹ ਦਿੰਦੇ ਹਨ। ਅਜਿਹੇ ਮੀਡੀਆ ਘਰਾਣੇ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਹੁੰਦਿਆਂ ਹੀ ਸਿਆਸੀ ਪਾਰਟੀਆਂ ਨਾਲ ਜੋੜ-ਤੋੜ ਕਰਨਾ ਸ਼ੁਰੂ ਕਰ ਦਿੰਦੇ ਹਨ। ਇਹ ਜੋੜ-ਤੋੜ ਹਜ਼ਾਰਾਂ, ਲੱਖਾਂ ਦਾ ਨਹੀ ਬਲਕਿ ਕਰੋੜਾਂ ਰੁਪਿਆ ਦਾ ਹੁੰਦਾ ਹੈ। ਪ੍ਰਸ਼ਾਦ ਮਿਲਣ ਉਪਰੰਤ ਦਿਨ-ਰਾਤ ਉਹ ਉਨ੍ਹਾਂ ਸਿਆਸੀ ਪਾਰਟੀਆਂ ਦਾ ਪ੍ਰਚਾਰ ਉਸ ਤੋਤੇ ਵਾਂਗ ਕਰਨ ਵਿਚ ਜੁਟ ਜਾਂਦੇ ਹਨ ਜਿਸ ਨੂੰ 'ਆਇਆ ਰਾਮ-ਗਿਆ ਰਾਮ' ਤੋਂ ਇਲਾਵਾ ਹੋਰ ਕੁੱਝ ਨਹੀ ਆਉਂਦਾ। ਇਸ ਜੋੜ-ਤੋੜ ਵਿਚ ਵੱਡੇ ਮੀਡੀਆ ਘਰਾਣੇ ਮੋਟਾ ਮੁਨਾਫ਼ਾ ਖੱਟ ਜਾਂਦੇ ਹਨ। ਜਦਕਿ ਬਦਨਾਮੀ ਹੇਠਲੇ ਪੱਧਰ ਤੱਕ ਮੀਡੀਆ ਨਾਲ ਜੁੜੇ ਕਰਮੀਆਂ ਦੀ ਹੁੰਦੀ ਹੈ।

ਜੀ ਹਾਂ, ਅਸੀਂ ਗੱਲ 'ਪੇਡ ਨਿਊਜ਼' ਦੀ ਕਰ ਰਹੇ ਹਾਂ। ਦਰਅਸਲ, ਪੇਡ ਨਿਊਜ ਹੁੰਦੀ ਕੀ ਹੈ। ਆਓ ਤੁਹਾਨੂੰ ਅਸੀਂ ਇਸ ਬਾਰੇ ਦੱਸਦੇ ਹਾਂ। ਕੁੱਝ ਅਖ਼ਬਾਰਾਂ ਅਤੇ ਟੈਲੀਵਿਜ਼ਨ ਚੈੱਲਨਾਂ ਦੀਆਂ ਖ਼ਬਰਾਂ ਵੇਖਣ ਵਿਚ ਖ਼ਬਰ ਲੱਗਦੀਆਂ ਹਨ ਪਰ ਅਸਲ ਵਿਚ ਉਹ ਖ਼ਬਰਰੂਪੀ ਇਸ਼ਤਿਹਾਰ ਹੁੰਦੀਆਂ ਹਨ। ਮਾਇਕ ਮਦਦ ਦੇਣ ਵਾਲੇ ਮੀਡੀਆ ਹਾਊਸ ਖ਼ਬਰ ਵਿਚ ਸੋਲ੍ਹੇ ਗਾ ਰਿਹਾ ਹੁੰਦਾ ਤੇ ਹੇਠਾਂ ਛੋਟਾ ਕਰਕੇ ਇਸ਼ਤਿਹਾਰ ਲਿਖ ਦਿੱਤਾ ਜਾਂਦਾ ਹੈ ਜੋ ਜਿਆਦਾਤਰ ਪਾਠਕਾਂ ਨੂੰ ਨਹੀ ਵਿਖਾਈ ਦਿੰਦਾ। ਦੂਜੀ ਪੇਡ ਨਿਊਜ ਮੀਡੀਆ ਹਾਊਸ ਵੱਡੇ ਕਾਰਪੋਰੇਟ ਘਰਾਣਿਆਂ ਤੋਂ ਮਾਇਕ ਮਦਦ ਲੈ ਕੇ ਸਿਆਸੀ ਪਾਰਟੀਆਂ ਹੱਕ ਵਿਚ ਆਪਣੀਆਂ ਖ਼ਬਰਾਂ ਜਨਤਾ ਤੱਕ ਪਹੁੰਚਾਉਂਦੇ ਹਨ। ਤੀਜੀ ਪੇਡ ਨਿਊਜ ਮੀਡੀਆ ਹਾਊਸ ਚੋਣਾਂ ਵਿਚ ਮੈਦਾਨ ਵਿਚ ਉਤਰੇ ਉਮੀਦਵਾਰਾਂ ਤੋਂ ਸਿੱਧੇ ਤੌਰ 'ਤੇ ਖ਼ਬਰਾਂ ਛਾਪਣ ਦੇ ਪੈਸੇ ਲੈਂਦੇ ਹਨ ਤੇ ਉਨ੍ਹਾਂ ਖ਼ਬਰਾਂ ਦੇ ਮੁੱਲ ਇਸ਼ਤਿਹਾਰ ਦੇ ਮੁੱਲ ਨਾਲੋਂ ਕਈ ਗੁਣ ਵੱਧ ਹੁੰਦੇ ਹਨ। ਉਮੀਦਵਾਰਾਂ ਤੋਂ ਲਏ ਪੈਸਿਆਂ ਨੂੰ ਮਗਰੋਂ ਇਹ ਕਾਲੇ ਤੋਂ ਬਾਅਦ ਵਿੰਗੇ-ਟੇਢੇ ਢੰਗ ਨਾਲ ਸਫੈਦ ਕਰਦੇ ਹਨ।

ਪੇਡ ਨਿਊਜ਼ ਦਾ ਰੁਝਾਨ ਕੋਈ ਸਦੀਆਂ ਪੁਰਾਣਾ ਨਹੀ ਬਲਕਿ ਕੁੱਝ ਦਹਾਕਿਆਂ ਤੋਂ ਸ਼ੁਰੂ ਹੋਇਆ ਹੈ। ਇਹ ਕਿਹਾ ਜਾ ਸਕਦਾ ਹੈ ਕਿ ਇਸ ਬਾਰੇ ਵੋਟਰਾਂ ਦਰਮਿਆਨ ਕੁੱਝ ਹੀ ਸਮੇਂ ਤੋਂ ਚਰਚਾ ਚੱਲਣੀ ਸ਼ੁਰੂ ਹੋਈ ਹੈ। ਪੇਡ ਨਿਊਜ਼ ਦੇ ਇਸ ਗੋਰਖ਼ ਧੰਦੇ ਵਿਚ ਸਭ ਤੋਂ ਪਹਿਲਾਂ 'ਬਿਜਲਈ' ਮੀਡੀਆ ਸ਼ੁਮਾਰ ਹੋਇਆ ਕਿਉਂਕਿ ਭਾਰਤ ਅੰਦਰ ਬਿਜਲਈ ਮੀਡੀਆ ਦੀ ਉਮਰ ਕੋਈ ਜ਼ਿਆਦਾ ਪੁਰਾਣੀ ਨਹੀਂ। ਇਸ ਦਾ ਆਰੰਭ 1992 ਵਿਚ ਤਤਕਾਲੀਨ ਪ੍ਰਧਾਨ ਮੰਤਰੀ ਸ੍ਰੀ ਨਰਸਿਮ੍ਹਾ ਰਾਓ ਸਰਕਾਰ ਦੇ ਕਾਰਜਕਾਲ ਦੌਰਾਨ ਨਿੱਜੀ ਨਿਵੇਸ਼ਕਾਂ ਨੂੰ ਖੁੱਲ੍ਹ ਮਿਲਣ ਉਪਰੰਤ ਹੋਇਆ ਸੀ। ਜਦੋਂਕਿ ਪ੍ਰਿੰਟ ਮੀਡੀਆ ਇੱਕ ਮਜ਼ਬੂਤ ਤੇ ਸ਼ਕਤੀਸ਼ਾਲੀ ਧਿਰ ਵਜੋਂ ਪਿਛਲੇ ਕਰੀਬ 350 ਸਾਲ ਤੋਂ ਕੰਮ ਕਰ ਰਿਹਾ ਹੈ। 1730 ਵਿਚ ਈਸਟ ਇੰਡੀਆ ਕੰਪਨੀ ਦੀ ਰਾਜਧਾਨੀ ਕਲੱਕਤਾ ਤੋਂ ਪ੍ਰਿੰਟ ਮੀਡੀਏ ਦੀ ਸ਼ੁਰੂਆਤ ਹੋਈ। ਅੰਗਰੇਜ਼ੀ ਹਕੂਮਤ ਨਾਲ ਜੋ ਲੋਹਾ ਇਸ ਨੇ ਲਿਆ ਤੇ ਆਪਣੇ ਪਿੰਡੇ ਤੇ ਅੰਗਰੇਜ਼ੀ ਹਕਮੂਤ ਦੇ 'ਚਾਬਕ' ਖਾਧੇ, ਉਸ ਦੇ ਨਿਸ਼ਾਨ ਅੱਜ ਵੀ ਪੂਰੀ ਤਰ੍ਹਾਂ ਨਹੀਂ ਮਿਟ ਸਕੇ। ਇਤਿਹਾਸ ਦੇ ਝਰੋਖ਼ਿਆਂ ਤੋਂ ਇਹ ਸਾਫ਼ ਝਲਕ ਮਿਲਦੀ ਹੈ ਕਿ ਇਸ ਦੀ ਭਾਰਤੀ ਲੋਕਾਂ ਪ੍ਰਤੀ ਕੁਰਬਾਨੀ ਨੂੰ ਕਦੇ ਭੁਲਾਇਆ ਨਹੀ ਜਾ ਸਕਦਾ। ਇਹੋ ਕਾਰਨ ਹੈ ਕਿ ਦੇਸ਼ ਦੀ ਅਜ਼ਾਦੀ ਉਪਰੰਤ ਲੋਕਤੰਤਰ ਦੇ ਚਾਰ ਥੰਮ੍ਹਾਂ ਵਿਚ ਮੀਡੀਆ ਵੀ ਇਕ ਥੰਮ੍ਹ ਹੈ।

ਦੇਸ਼ ਵਿਚ ਇਸ ਸਮੇਂ ਸੱਤਾਰਵੀਂ ਲੋਕ ਸਭਾ ਦੀਆਂ ਚੋਣਾਂ ਦਾ ਮਾਹੌਲ ਚੱਲ ਰਿਹਾ ਹੈ। ਹੁਣ ਤੱਕ ਚਾਰ ਪੜਾਵਾਂ ਵਿਚ ਵੋਟਿੰਗ ਮੁਕੰਮਲ ਹੋ ਚੁੱਕੀ ਹੈ। ਲੋਕ ਸਭਾ ਚੋਣਾਂ-2019 ਵਿਚ ਪੇਡ ਨਿਊਜ਼ ਨਾਲ ਸਬੰਧਿਤ ਅਜੇ ਕਿਸੇ ਵੀ ਮਾਮਲੇ ਦੀ ਪੁਸ਼ਟੀ ਨਹੀਂ ਹੋਈ। ਜਦੋਂਕਿ ਲੋਕ ਸਭਾ ਚੋਣਾਂ- 2014 ਦੌਰਾਨ 829 ਪੇਡ ਨਿਊਜ਼ ਦੇ ਮਾਮਲੇ ਸਾਹਮਣੇ ਆਏ ਸਨ। ਵਿਧਾਨ ਸਭਾ ਮੌਕੇ ਚੋਣਾਂ ਪੇਡ ਨਿਊਜ਼ ਦਾ ਰੁਝਾਣ ਅਕਸਰ ਵੱਧ ਜਾਂਦਾ ਹੈ। 2014 ਦੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਸਮੇਂ ਹਰਿਆਣਾ 'ਚ-212, ਮਹਾਰਾਸ਼ਟਰ-73, ਝਾਰਖੰਡ-7, ਜੰਮੂ-ਕਸ਼ਮੀਰ 'ਚ 21 ਮਾਮਲੇ ਪੇਡ ਨਿਊਜ਼ ਨਾਲ ਸਬੰਧਿਤ ਸਾਹਮਣੇ ਆਏ ਸਨ। ਇਸੇ ਤਰਾਂ 2015 ਵਿਚ ਹੋਈਆਂ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿਚ 59 ਅਤੇ ਬਿਹਾਰ ਵਿਚ 7 ਮਾਮਲੇ ਉਜਾਗਰ ਹੋਏ ਸਨ। 2017 ਵਿਚ ਪੰਜਾਬ ਅੰਦਰ ਹੋਈਆਂ ਚੋਣਾਂ ਦੌਰਾਨ-80, ਉੱਤਰਾਖੰਡ-2, ਉੱਤਰ ਪ੍ਰਦੇਸ-56, ਗੁਜਰਾਤ-238, ਹਿਮਾਚਲ ਪ੍ਰਦੇਸ-85, ਮਨੀਪੁਰ-ਗੋਆ ਅੰਦਰ ਕੋਈ ਵੀ ਮਾਮਲਾ ਉਜਾਗਰ ਨਹੀ ਹੋਇਆ ਸੀ। 2016 ਵਿਚ ਅਸਾਮ-5, ਤਾਮਿਲਨਾਡੂ-17, ਵੇਸਟ ਬੰਗਾਲ-1, ਕੇਰਲਾ ਤੇ ਪਾਂਡੂਚਰੀ ਅੰਦਰ ਕੋਈ ਵੀ ਮਾਮਲਾ ਸਾਹਮਣੇ ਨਹੀ ਆਇਆ ਸੀ।

ਪੇਡ ਨਿਊਜ਼ ਦਾ ਰੁਝਾਨ ਭਾਰਤੀ ਮੀਡੀਆ ਨੂੰ ਕੈਂਸਰ ਵਾਂਗ ਚਿੰਬੜ ਰਿਹਾ ਹੈ ਤੇ ਹੌਲੀ-ਹੌਲੀ ਮੀਡੀਏ ਦੀ ਭਰੋਸਯੋਗਤਾ ਨੂੰ ਖ਼ਤਮ ਕਰ ਰਿਹਾ ਹੈ। ਅਸੀਂ ਇਥੇ ਮਹਿਸੂਸ ਕਰਦੇ ਹਾਂ ਕਿ ਪੇਡ ਨਿਊਜ਼ ਦੇ ਰੁਝਾਨ ਨੂੰ ਠੱਲ੍ਹਣ ਲਈ ਚੋਣ ਕਮਿਸ਼ਨ ਤੋਂ ਇਲਾਵਾ ਮੀਡੀਆ ਹਾਊਸ ਨੂੰ ਵੀ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ। ਜਦੋਂ ਤੱਕ ਉਹ ਆਪਣੀ ਜ਼ਿੰਮੇਵਾਰੀ 'ਤੇ ਖ਼ਰੇ ਨਹੀ ਉਤਰਦੇ ਉਦੋਂ ਤੱਕ ਇਹ ਵਰਤਾਰਾ ਰੁਕ ਨਹੀ ਸਕਦਾ। ਦੇਸ਼ ਵਿਚ ਪੇਡੂ ਨਿਊਜ਼ ਨਾਲ ਨਜਿੱਠਣ ਲਈ ਕੋਈ ਕਾਨੂੰਨੀ ਤਜਵੀਜ਼ ਨਹੀਂ। ਪੇਡ ਨਿਊਜ਼ ਕੇਸ ਸਾਹਮਣੇ ਆਉਣ 'ਤੇ ਚੋਣ ਕਮਿਸ਼ਨ ਉਸ ਦਾ ਖਰਚਾ ਉਮੀਦਵਾਰ ਦੇ ਖਾਤੇ ਵਿਚ ਪਾ ਦਿੰਦਾ ਹੈ। ਹਾਲਾਂ ਕਿ ਸੁਸਾਇਟੀ ਦਾ ਜੋ ਨੁਕਸਾਨ ਪੇਡ ਨਿਊਜ਼ ਨੇ ਕੀਤਾ ਉਸ ਨੂੰ ਬਿਲਕੁਲ ਵੀ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ। ਅਸੀਂ ਪ੍ਰੋੜਤਾ ਕਰਦੇ ਹਾਂ ਕਿ ਉਨ੍ਹਾਂ ਮੀਡੀਆ ਘਰਾਣਿਆਂ ਦੀ, ਜਿਨ੍ਹਾਂ ਨੇ ਪਿਛਲੇ ਸਮੇਂ ਦੌਰਾਨ ਖੁੱਲ੍ਹੇਆਮ ਆਪੋ-ਆਪਣੇ ਅਖ਼ਬਾਰਾਂ ਵਿਚ ਸਪੱਸ਼ਟ ਰੂਪ ਵਿਚ ਪੇਡ ਨਿਊਜ਼ ਨੂੰ ਅਲਵਿਦਾ ਕਿਹਾ ਹੈ। ਭਾਰਤੀ ਚੋਣ ਕਮਿਸ਼ਨ ਤੋਂ ਵੀ ਇਹ ਮੰਗ ਕਰਦੇ ਹਾਂ ਕਿ ਪੇਡ ਨਿਊਜ਼ ਦੇ ਰੁਝਾਨ ਨੂੰ ਰੋਕਣ ਲਈ ਸਖ਼ਤ ਕਦਮ ਚੁੱਕੇ ਜਿਹੜੇ ਅਜੇ ਤੱਕ ਨਹੀ ਚੁੱਕੇ ਗਏ ਤਾਂ ਜੋ ਲੋਕਤੰਤਰ ਮਜ਼ਬੂਤ ਹੋ ਸਕੇ ਅਤੇ ਆਮ ਲੋਕਾਂ ਤੱਕ ਸਹੀ ਜਾਣਕਾਰੀ ਪਹੁੰਚੇ ਤਾਂ ਜੋ ਲੋਕ ਚੋਣਾਂ ਮੌਕੇ ਨਿਰਪੱਖਤਾ ਨਾਲ ਨਿਰਣਾਇਕ ਫੈਸਲਾ ਆਪਣੀ ਸੋਚ-ਸਮਝ ਮੁਤਾਬਕ ਲੈ ਸਕਣ। ਇੰਜ ਭਾਰਤੀ ਮੀਡੀਆ ਵਿਚ ਲੋਕਾਂ ਦਾ ਵਿਸ਼ਵਾਸ਼ ਵਧੇਗਾ।

ਕੋਟਕਪੂਰਾ-98721-12457
Bharatnews2@gmail.com

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

# ਚੋਣ ਪਿੜ 'ਚ ਪਾਰਟੀਆਂ ਕਈ, ਟੱਕਰ ਕਾਂਗਰਸ ਅਕਾਲੀ ਦਲ 'ਚ

ਸ਼ੰਗਾਰਾ ਸਿੰਘ ਭੁੱਲਰ

ਸਤਾਰਵੀਂ ਲੋਕ ਸਭਾ ਲਈ ਪੰਜਾਬ ਵਿਚ ਵੋਟਾਂ ਆਖਰੀ ਅਤੇ ਸਤੱਵੇਂ ਪੜਾਅ ਵਿਚ 19 ਮਈ ਨੂੰ ਪੈਣਗੀਆਂ। ਉਮੀਦਵਾਰਾਂ ਦੀਆਂ ਨਾਮਜ਼ਦਗੀਆਂ ਸ਼ੁਰੂ ਹੋਣ ਤੋਂ ਬਾਅਦ ਸਿਆਸੀ ਧਿਰਾਂ ਨੇ ਆਪਣੇ ਪੂਰੇ ਦੇ ਪੂਰੇ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿਤਾ ਹੈ। ਕੁੱਝ ਕੁ ਦਾ ਨਾਂ ਤਾਂ ਕਾਫੀ ਸਮਾਂ ਪਹਿਲਾਂ ਹੀ ਐਲਾਨ ਕਰ ਦਿਤਾ ਗਿਆ ਸੀ ਅਤੇ ਉਨ੍ਹਾਂ ਨੇ ਆਪੋ ਆਪਣੇ ਹਲਕਿਆਂ ਵਿਚ ਚੋਣ ਸਰਗਰਮੀਆਂ ਸ਼ੁਰੂ ਵੀ ਕਰ ਦਿੱਤੀਆਂ ਹਨ। ਚੋਣ ਪਿੜ ਵਿਚ ਭਲੇ ਹੀ ਕਈ ਨਿੱਕੀਆਂ ਵੱਡੀਆਂ ਸਿਆਸੀ ਪਾਰਟੀਆਂ ਉਤਰੀਆਂ ਹੋਈਆਂ ਹਨ। ਉਮੀਦਵਾਰਾਂ ਦੇ ਨਾਵਾਂ ਦੇ ਐਲਾਨ ਤੋਂ ਬਾਅਦ ਇਹ ਸਪਸ਼ਟ ਹੋ ਗਿਆ ਹੈ ਕਿ ਮੁੱਖ ਮੁਕਾਬਲਾ ਪੰਜਾਬ ਦੀਆਂ ਦੋਵਾਂ ਰਿਵਾਇਤੀ ਧਿਰਾਂ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਕਾਰ ਹੋਵੇਗਾ। ਇਹ ਦੋਵੇਂ ਪਾਰਟੀਆਂ ਹੀ ਹਨ ਜਿਨ੍ਹਾਂ ਨੇ ਲੋਕ ਸਭਾ ਦੀਆਂ ਤੇਰ੍ਹਾਂ ਦੀਆਂ ਤੇਰ੍ਹਾਂ ਤੋਂ ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਹੈ। ਇਹ ਚੋਣ ਵੀ ਇਕਲੀਆਂ ਹੀ ਲੜ ਰਹੀਆਂ ਹਨ। ਕਾਂਗਰਸ ਦੀ ਕਿਸੇ ਨਾਲ ਭਾਈਵਾਲੀ ਨਹੀਂ। ਹਾਂ, ਸ਼੍ਰੋਮਣੀ ਅਕਾਲੀ ਦਲ ਦੀ ਭਾਜਪਾ ਨਾਲ 10 ਅਤੇ 3 ਦੀ ਭਾਈਵਾਲੀ ਹੈ। ਯਾਨੀ 10 ਸੀਟਾਂ 'ਤੇ ਅਕਾਲੀ ਉਮੀਦਵਾਰ ਅਤੇ ਤਿੰਨ ਉਤੇ ਭਾਰਤੀ ਜਨਤਾ ਪਾਰਟੀ ਦੇ। ਹੋਰ ਬਹੁਤੀਆਂ ਪਾਰਟੀਆਂ ਦੇ ਇਕ ਇਕ ਦੋ ਦੋ ਉਮੀਦਵਾਰ ਹਨ ਅਤੇ ਕਿਸੇ ਦਾ ਇਕ ਅੱਧਾ ਇਸ ਤੋਂ ਵੱਧ। ਇਨ੍ਹਾਂ ਵਿਚ ਆਮ ਆਦਮੀ ਪਾਰਟੀ ਦਾ ਦਿੱਲੀ ਧੜਾ ਅਤੇ ਪੰਜਾਬ ਧੜਾ ਵੀ ਸ਼ਾਮਲ ਹਨ। ਡਾ. ਧਰਮਵੀਰ ਗਾਂਧੀ ਦੀ ਪੰਜਾਬ ਏਕਤਾ ਪਾਰਟੀ ਹੈ। ਲੁਧਿਆਣੇ ਵਾਲੇ ਬੈਂਸ ਭਰਾਵਾਂ ਦੀ ਆਪਣੀ ਪਾਰਟੀ ਹੈ। ਖੱਬੇ ਪੱਖੀ ਧਿਰਾਂ ਦੇ ਵੀ ਕੁਝ ਉਮੀਦਵਾਰ ਹਨ। ਟਕਸਾਲੀ ਅਕਾਲੀ ਦਲ ਦਾ ਵੀ ਇਕ ਉਮੀਦਵਾਰ ਹੈ। ਕੁਲ ਮਿਲਾ ਕੇ ਵੇਖਣ ਨੂੰ ਹਰ ਸੀਟ ਤੋਂ ਮੁਕਾਬਲਾ ਚਹੁਮੁੱਖੀ ਜਾਪਦਾ ਹੈ। 2 ਮਈ ਤਕ ਨਾਮਜ਼ਦਗੀਆਂ ਦਾ ਕੰਮ ਮੁਕੰਮਲ ਹੋ ਜਾਵੇਗਾ। ਇਸ ਉਪਰੰਤ ਉਮੀਦਵਾਰਾਂ ਨੂੰ 19 ਮਈ ਤੱਕ ਚੋਣ ਪ੍ਰਚਾਰ ਵਿਚ ਖੂਬ ਪਸੀਨਾ ਵਹਾਉਣਾ ਪਵੇਗਾ। ਮਈ ਸਿਖਰ ਗਰਮੀ ਦਾ ਮਹੀਨਾ ਹੈ ਪਰ ਇਹ ਕੁਰਸੀ ਯੁੱਧ ਹੈ। ਇਸ ਲਈ ਇਹ ਸਭ ਕਰਨਾ ਹੀ ਪੈਣਾ ਹੈ।

ਪੰਜਾਬ ਦੀ ਸਿਆਸਤ 'ਤੇ ਝਾਤੀ ਮਾਰਿਆਂ ਪਹਿਲੀ ਗੱਲ ਤਾਂ ਸਪਸ਼ਟ ਹੁੰਦੀ ਹੈ ਕਿ ਕਾਂਗਰਸ ਅਤੇ ਅਕਾਲੀ ਦਲ ਨੂੰ ਚੋਣਾਂ ਲਈ ਸੰਭਾਵੀ ਜੇਤੂ ਉਮੀਦਵਾਰ ਲੱਭਣ ਵਿਚ ਮੁਸ਼ਕਲ ਪੇਸ਼ ਆਈ। ਦੋਹਾਂ ਧਿਰਾਂ ਨੇ ਆਪਣੇ ਕੁਝ ਵਿਧਾਇਕ ਹੀ ਚੋਣ ਮੈਦਾਨ ਵਿਚ ਉਤਾਰ ਦਿਤੇ। ਵਿਧਾਇਕਾਂ ਦੀ ਗਿਣਤੀ ਪੌਣੀ ਦਰਜਨ ਦੇ ਨੇੜੇ ਤੇੜੇ ਹੈ। ਇਸ ਵਿਚ ਆਪ ਦੇ ਦੋਹਾਂ ਧੜਿਆਂ ਦੇ ਵਿਧਾਇਕ ਸਭ ਤੋਂ ਜ਼ਿਆਦਾ ਹਨ। ਕਾਂਗਰਸ ਦੇ ਵੀ ਹਨ। ਬਠਿੰਡਾ ਤੋਂ ਰਾਜਾ ਵੜਿੰਗ ਅਤੇ ਹੁਸ਼ਿਆਰਪੁਰ ਤੋਂ ਡਾ. ਰਾਜ ਕੁਮਾਰ ਚੱਬੇਵਾਲ। ਇਕ ਭਾਜਪਾ ਵਿਧਾਇਕ ਸੋਮ ਪ੍ਰਕਾਸ ਹੋਸ਼ਿਆਪੁਰ ਤੌ ਹਨ, ਅਕਾਲੀ ਦਲ ਦੇ ਦੋ ਅਹਿਮ ਵਿਧਾਇਕ ਸੁਖਬੀਰ ਸਿੰਘ ਬਾਦਲ ਅਤੇ ਪਰਮਿੰਦਰ ਸਿੰਘ ਢੀਂਡਸਾ ਵੀ ਪਾਰਟੀ ਦੀ ਸਾਖ ਖਾਤਰ ਖੁਦ ਚੋਣ ਪਿੜ ਵਿਚ ਉਤਰੇ ਹਨ। ਆਪ ਦੇ ਵਿਰੋਧੀ ਧੜੇ ਦਾ ਸੁਖਪਾਲ ਖਹਿਰਾ ਖੁਦ ਬਠਿੰਡਾ ਤੋਂ ਲੜ ਰਿਹਾ ਹੈ। ਜ਼ਾਹਿਰ ਹੈ ਇਨ੍ਹਾਂ ਵਿਚੋਂ ਜਿੰਨ੍ਹਾਂ ਵੀ ਜਿੱਤ ਗਏ ਉਨ੍ਹਾਂ ਦੀਆਂ ਸੀਟਾਂ ਪੰਜਾਬ ਵਿਧਾਨ ਸਭਾ ਵਿਚ ਖਾਲੀ ਹੋ ਜਾਣੀਆਂ ਅਤੇ ਪੰਜਾਬ ਦੇ ਲੋਕਾਂ ਨੂੰ ਫਿਰ ਜ਼ਿਮਨੀ ਚੋਣਾਂ ਲਈ ਤਿਆਰ ਹੋਣਾ ਪਵੇਗਾ। ਉਂਜ ਇਨ੍ਹਾਂ ਚੋਣਾਂ ਦੀ ਜਿਹੜੀ ਸਭ ਤੋਂ ਦਿਲਚਸਪ ਗੱਲ ਹੈ ਉਹ ਇਹ ਕਿ ਇਕ ਤਾਂ ਸ਼ੋਮਣੀ ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਬਾਦਲ ਅਤੇ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਦੋਵੇਂ ਮੀਆਂ ਬੀਬੀ ਖੁਦ ਚੋਣ ਮੈਦਾਨ ਵਿਚ ਨਿਤਰੇ ਹਨ। ਦੂਜਾ ਸੂਬੇ ਦੀਆਂ ਘਟੋ ਘਟ ਛੇ ਸਿਆਸੀ ਪਾਰਟੀਆਂ ਦੇ ਪ੍ਰਧਾਨ ਆਪਣੀ ਕਿਸਮਤ ਅਜਮਾ ਰਹੇ ਹਨ। ਇਨ੍ਹਾਂ ਵਿਚ ਸੁਖਬੀਰ ਬਾਦਲ ਤਾਂ ਹੈ ਹੀ, ਕਾਂਗਰਸ ਦਾ ਸੁਨੀਲ ਜਾਖੜ ਵੀ ਹੈ। ਆਪ ਦੇ ਦਿੱਲੀ ਧੜੇ ਦਾ ਭਗਵੰਤ ਮਾਨ, ਆਪ ਦੇ ਵਿਰੋਧੀ ਧੜੇ ਦਾ ਸੁਖਪਾਲ ਖਹਿਰਾ, ਲੋਕ ਇਨਸਾਫ ਪਾਰਟੀ ਦਾ ਸਿਮਰਜੀਤ ਸਿੰਘ ਬੈਂਸ ਅਤੇ ਪੰਜਾਬ ਏਕਤਾ ਪਾਰਟੀ ਦਾ ਡਾ. ਧਰਮਵੀਰ ਗਾਂਧੀ ਹੈ। ਇਕ ਹੋਰ ਗਲ਼ ਵੀ ਜ਼ਿਕਰਯੋਗ ਹੈ ਕਿ ਇਸ ਵੇਲੇ ਪੰਜਾਬ ਦੇ ਤੇਰ੍ਹਾਂ ਐਮ.ਪੀਆਂ ਵਿਚੋਂ ਚਾਰ ਆਮ ਆਦਮੀ ਪਾਰਟੀ, ਚਾਰ ਕਾਂਗਰਸ ਅਤੇ ਚਾਰ ਅਕਾਲੀ ਦਲ ਦੇ ਅਤੇ ਇਕ ਭਾਜਪਾ ਦਾ ਹੈ। ਇਨ੍ਹਾਂ ਵਿਚੋਂ ਲਗਭਗ ਅੱਧਿਆਂ ਨੂੰ ਮੁੜ ਟਿਕਟ ਦੇ ਦਿੱਤੀ ਗਈ ਹੈ। ਆਪ ਦੇ ਦੋ ਸਾਂਸਦ ਡਾ. ਧਰਮਵੀਰ ਗਾਂਧੀ ਤੇ ਹਰਿੰਦਰ ਸਿੰਘ ਖਾਲਸਾ ਸ਼ੁਰੂ ਵਿਚ ਹੀ ਪਾਰਟੀ ਛੱਡ ਗਏ ਸਨ। ਇਸ ਲਈ ਡਾ. ਗਾਂਧੀ ਤਾਂ ਆਪਣੀ ਵਖਰੀ ਪਾਰਟੀ ਬਣਾ ਕੇ ਚੋਣ ਮੈਦਾਨ ਵਿਚ ਹੈ ਪਰ ਖਾਲਸਾ ਦੇ ਭਾਜਪਾ ਵਿਚ ਸ਼ਾਮਲ ਹੋਣ ਦੇ ਬਾਵਜੂਦ ਉਸ ਨੂੰ ਟਿਕਟ ਨਹੀਂ ਦਿਤੀ। ਭਾਜਪਾ ਨੇ ਮੋਦੀ ਸਰਕਾਰ ਦੇ ਇਕ ਮੰਤਰੀ ਵਿਜੇ ਸਾਂਪਲਾ ਨੂੰ ਵੀ ਟਿਕਟ ਨਹੀਂ ਦਿਤੀ। ਅਕਾਲੀ ਦਲ ਦੇ ਚਾਰ ਸਾਂਸਦਾਂ ਵਿਚੋਂ ਦੋ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਸ਼ੇਰ ਸਿੰਘ ਘੁਬਾਇਆ ਵੀ ਪਾਰਟੀ ਛੱਡ ਗਏ ਹਨ। ਘੁਬਾਇਆ ਤਾਂ ਕਾਂਗਰਸ ਵਿਚ ਸ਼ਾਮਲ ਹੋ ਕੇ ਫਿਰੋਜ਼ਪੁਰ ਤੋਂ ਉਮੀਦਵਾਰ ਬਣ ਗਿਆ ਹੈ ਜਿਸ ਨੂੰ ਟੱਕਰ ਦੇਣ ਲਈ ਸੁਖਬੀਰ ਬਾਦਲ ਨੇ ਆਪਣੇ ਆਪ ਨੂੰ ਖੁਦ ਚੋਣ ਮੈਦਾਨ ਵਿਚ ਲਿਆ ਖੜਾ ਕੀਤਾ ਹੈ। ਉਂਜ ਜੇ ਟੱਕਰ ਕਾਂਗਰਸ ਅਤੇ ਅਕਾਲੀ ਦਲ ਵਿਚ ਮੰਨੀ ਜਾ ਰਹੀ ਹੈ ਤਾਂ ਇਸ ਦੇ ਉਮੀਦਵਾਰਾਂ ਤੇ ਝਾਤੀ ਮਾਰੀਏ ਤਾਂ ਸਪਸ਼ਟ ਹੋਵੇਗਾ ਕਿ ਅਕਾਲੀ ਦਲ ਦੇ ਬਹੁਤੇ ਉਮੀਦਵਾਰ ਕਾਂਗਰਸੀ ਉਮੀਦਵਾਰਾਂ ਨਾਲੋਂ ਪੁਖਤਾ ਹਨ। ਹੁਣੇ ਇਹ ਟਿਪਣੀ ਕਰਨੀ ਵਾਜਬ ਨਹੀਂ ਲਗਦੀ ਪਰ ਕਾਂਗਰਸੀ ਹਲਕਿਆਂ ਵਿਚ ਇਸ ਤਰ੍ਹਾਂ ਦੀਆਂ ਸੁਰਾਂ ਜ਼ਰੂਰ ਉਭਰਨੀਆਂ ਸ਼ੁਰੂ ਹੋ ਗਈਆਂ ਹਨ ਕਿ ਛੇ ਸੱਤ ਹਲਕਿਆਂ ਤੋਂ ਇਸ ਦੇ ਉਮੀਦਵਾਰ ਸੰਭਾਵੀ ਜੇਤੂ ਨਹੀਂ ਲਗਦੇ। ਤਾਂ ਵੀ ਅਕਾਲੀ ਦਲ ਅਤੇ ਕਾਂਗਰਸ ਦੋਹਾਂ ਖਾਸ ਕਰਕੇ ਕੈਪਟਨ ਅਮਰਿੰਦਰ ਸਿੰਘ ਲਈ ਇਹ ਚੋਣਾਂ ਵਕਾਰ ਦਾ ਸਵਾਲ ਹਨ। ਕਾਂਗਰਸ ਕੋਲ ਇਸ ਵੇਲੇ ਚਾਰ ਸੀਟਾਂ ਹਨ। ਜਿੱਤਣ ਦਾ ਦਾਅਵਾ ਇਹ ਤੇਰ੍ਹਾਂ ਦੀਆਂ ਤੇਰ੍ਹਾਂ ਦਾ ਕਰ ਰਹੀ ਹੈ ਜੋ ਕੈਪਟਨ ਸਰਕਾਰ ਦੀ ਪਿਛਲੇ ਦੋ ਸਾਲਾਂ ਦੀ ਕੁਝ ਵਧੇਰੇ ਦੀ ਢਿਲੀ ਢਾਲੀ ਕਾਰਗੁਜ਼ਾਰੀ ਦੇ ਮੱਦੇਨਜ਼ਰ ਬਹੁਤੀ ਅਪੀਲ ਨਹੀਂ ਕਰਦੀ। ਅਕਾਲੀ ਦਲ ਕੋਲ ਇਸ ਵੇਲੇ ਸਿਰਫ਼ ਦੋ ਸੀਟਾਂ ਹਨ ਅਤੇ ਜਿਸ ਤਰ੍ਹਾਂ ਦੇ ਉਮੀਦਵਾਰਾਂ 'ਤੇ ਉਹਨੇ ਟੇਕ ਲਗਾਈ ਹੈ ਅਤੇ ਪਿਛਲੇ ਕੁਝ ਸਮੇਂ ਵਿਚ ਅਕਾਲੀ ਦਲ ਨੂੰ ਮੁੜ ਪੈਰਾਂ ਤੇ ਖੜੇ ਕਰਨ ਦੇ ਯਤਨ ਕੀਤੇ ਗਏ ਹਨ ਉਨ੍ਹਾਂ ਦੀ ਰੋਸ਼ਨੀ ਵਿਚ ਅਕਾਲੀ ਦਲ ਨੂੰ ਚੋਣਾਂ ਦਾ ਲਾਹਾ ਮਿਲ ਸਕਦਾ ਹੈ। ਤਾਂ ਵੀ ਹਕੀਕਤ ਦਾ ਪਤਾ 23 ਮਈ ਨੂੰ ਚੋਣ ਨਤੀਜਿਆਂ ਵੇਲੇ ਲੱਗੇਗਾ।

## ਲੋਕ ਵੋਟ ਕਿਉਂ ਅਤੇ ਕਿਸ ਨੂੰ ਪਾਉਣ?

ਸਵਾਲਾਂ ਦਾ ਸਵਾਲ ਹੈ ਕਿ ਹੁਣ ਜਦੋਂ ਕਿ ਚੋਣ ਮੈਦਾਨ ਭੱਖਣਾ ਸ਼ੁਰੂ ਹੋ ਗਿਆ ਹੈ ਤਾਂ ਪੰਜਾਬ ਦੇ ਲਗਭਗ ਦੋ ਕਰੋੜ ਤੋਂ ਵੱਧ ਵੋਟਰ ਆਪਣਾ ਵੋਟ ਕਿਸ ਨੂੰ ਅਤੇ ਕਿਉਂ ਪਾਉਣ? ਲੰਬੇ ਅਰਸੇ ਤੋਂ ਰਵਾਇਤ ਤਾਂ ਇਹ ਰਹੀ ਹੈ ਕਿ ਇਨ੍ਹਾਂ ਵੋਟਾਂ ਨਾਲ ਇਕ ਵਾਰ ਕਾਂਗਰਸ ਅਤੇ ਇਕ ਵਾਰੀ ਅਕਾਲੀਆਂ ਦੀ ਸਰਕਾਰ ਬਣਦੀ ਰਹੀ ਹੈ। ਘਟੋ ਘੱਟ 1985 ਤੋਂ ਇਹ ਸਿਲਸਿਲਾ ਜਾਰੀ ਹੈ ਜਦੋਂ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਹੇਠ ਸ਼ੁਧ ਅਕਾਲੀਆਂ ਦੀ ਸਰਕਾਰ ਬਣੀ ਸੀ। ਹਾਂ, ਉਦੋਂ ਵੀ ਅਤੇ ਉਸ ਤੋਂ ਬਹੁਤ ਸਮਾਂ ਪਹਿਲਾਂ ਵੀ ਪੰਜਾਬ ਦੇ ਕੁਝ ਮਸਲੇ ਸਨ ਜਿਨ੍ਹਾਂ ਨੂੰ ਨਾ ਤਾਂ ਪ੍ਰਕਾਸ਼ ਸਿੰਘ ਬਾਦਲ ਅਤੇ ਨਾ ਕੈਪਟਨ ਅਮਰਿੰਦਰ ਸਿੰਘ ਦੀਆ ਸਰਕਾਰਾਂ ਕੇਂਦਰ ਤੋਂ ਹੱਲ ਕਰਵਾ ਸਕੀਆਂ। 1992 ਵਿਚ ਬੇਅੰਤ ਸਿੰਘ ਦੀ ਕਾਂਗਰਸ ਸਰਕਾਰ ਵੇਲੇ ਤਾਂ ਹੋਣਾ ਹੀ ਕੁਝ ਨਹੀਂ ਸੀ ਕਿਉਂਕਿ ਉਦੋਂ ਤਕ ਤਾਂ ਪੰਜਾਬ ਕਾਲੇ ਦਿਨਾਂ ਦੀ ਬਲੀ ਚੜ ਚੁੱਕਾ ਸੀ। ਇਹੀਓ ਸਮਾਂ ਸੀ ਜਦੋਂ ਪੰਜਾਬ ਸਿਰ ਕਰਜ਼ਾ ਚੜ੍ਹਨਾ ਸ਼ੁਰੂ ਹੋਇਆ ਜੋ ਅੱਜ 2 ਲੱਖ 60 ਹਜ਼ਾਰ ਕਰੋੜ ਤੋਂ ਵੀ ਵੱਧ ਗਿਆ ਹੈ। ਪੰਜਾਬ 'ਤੇ ਦਸ ਸਾਲ ਹਕੂਮਤ ਕਰਨ ਵਾਲੀ ਪ੍ਰਕਾਸ਼ ਸਿੰਘ ਬਾਦਲ ਸਰਕਾਰ ਵੀ ਕਰਜ਼ੇ ਦੇ ਸਿਰ ਤੇ ਚਲਦੀ ਰਹੀ ਅਤੇ ਹੁਣ ਕੈਪਟਨ ਸਰਕਾਰ ਵੀ ਕਰਜ਼ੇ ਦੇ ਆਸਰੇ ਚਲ ਰਹੀ ਹੈ। ਪੰਜਾਬ ਦੇ ਇਸ ਤਰ੍ਹਾਂ ਦੇ ਤਰਸਯੋਗ ਹਾਲਾਤ ਬਣ ਗਏ ਹਨ ਕਿ ਅਗਲੀਆਂ ਕਈ ਸਰਕਾਰਾਂ ਵੀ ਕਰਜ਼ੇ 'ਤੇ ਹੀ ਚਲਣਗੀਆਂ। ਹਾਂ, ਜਦੋਂ ਕੋਈ ਦਿਲ ਗੁਰਦੇ ਵਾਲਾ ਅਤੇ ਪੰਜਾਬ ਦੇ ਹਿੱਤਾਂ ਹੱਕਾਂ ਦਾ ਰਖਵਾਲਾ ਮੁੱਖ ਮੰਤਰੀ ਬਣਿਆਂ ਤਾਂ ਉਦੋਂ ਸ਼ਾਇਦ ਕੁਝ ਤੇਜ ਤਿਖੇ ਆਰਥਿਕ ਸੁਧਾਰਾਂ ਕਾਰਨ ਪੰਜਾਬ ਨੂੰ ਮੌਜੂਦਾ ਮਾਲੀ ਸੰਕਟ ਵਿਚੋਂ ਕੱਢਿਆ ਜਾ ਸਕੇ ਵਰਨਾ ਹਾਲ ਦੀ ਘੜੀ ਕੋਈ ਆਸ ਦੀ ਕਿਰਨ ਨਜ਼ਰ ਨਹੀਂ ਆਉਂਦੀ। ਸਵਾਲ ਜਿਥੋਂ ਤਕ ਪੰਜਾਬ ਦੀਆਂ ਮੰਗਾਂ ਦਾ ਹੈ ਉਨ੍ਹਾਂ ਵਿਚ ਚੰਡੀਗੜ੍ਹ ਪੰਜਾਬ ਨੂੰ ਦੇਣ, ਪੰਜਾਬ ਤੋਂ ਬਾਹਰ ਰਹਿ ਗਏ ਪੰਜਾਬੀ ਬੋਲਦੇ ਇਲਾਕੇ ਵਾਪਸ ਕਰਨ ਅਤੇ ਦਰਿਆਈ ਪਾਣੀਆਂ ਦੀ ਸਹੀ ਵੰਡ ਆਦਿ ਸ਼ਾਮਲ ਹਨ। ਪਾਣੀਆਂ ਸਬੰਧੀ ਭੱਲੇ ਹੀ ਲੰਬੇ ਸਮੇਂ ਤੋਂ ਸੁਪਰੀਮ ਕੋਰਟ ਵਿਚ ਕੇਸ ਚਲ ਰਿਹਾ ਹੈ। ਪੰਜਾਬ ਦੀ ਧਰਤੀ ਤੇ ਬਣੇ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕਿਆਂ ਦੀ ਵਾਪਸੀ ਲਈ ਕਦੀ ਕਿਸੇ ਸਿਆਸੀ ਧਿਰ ਨੇ ਹਾਅ ਦਾ ਨਾਅਰਾ ਨਹੀਂ ਮਾਰਿਆ। ਸਗੋਂ ਆਪਸ ਵਿਚ ਇਕ ਦੂਜੇ ਦੀਆਂ ਲੱਤਾਂ ਖਿੱਚ ਕੇ ਪੰਜਾਬ ਦੇ ਹਿੱਤਾਂ ਨੂੰ ਨੁਕਸਾਨ ਜ਼ਰੂਰ ਪੁਚਾਉਂਦੇ ਰਹੇ ਹਨ। ਵੈਸੇ ਵੀ ਅੱਜ ਪੰਜਾਬ ਜਿਵੇਂ ਨਸ਼ਿਆਂ, ਬੇਰੁਜ਼ਗਾਰੀ, ਮਹਿੰਗਾਈ, ਕਿਸਾਨੀ ਖੁਦਕੁਸ਼ੀਆਂ, ਮੁੱਦਿਆਂ ਦੀ ਥਾਂ ਦੂਸ਼ਣਬਾਜੀ, ਕੁਨਬਾਪਰਵਰੀ, ਭ੍ਰਿਸ਼ਟਾਚਾਰ, ਆਮ ਲੋਕਾਂ ਦੀ ਸਰਕਾਰੀ ਦਫ਼ਤਰਾਂ 'ਚ ਖੱਜਲਖੁਆਰੀ ਆਦਿ ਭਖਵੇਂ ਮਸਲਿਆਂ ਵਿਚ ਉਲਝਿਆ ਹੋਇਆ ਹੈ ਉਸ ਤੋਂ ਵੋਟਰ ਖਫ਼ਾ ਹੋ ਰਹੇ ਹਨ। ਵੋਟਰਾਂ ਨੂੰ ਪਹਿਲਾਂ ਚੋਣਾਂ ਸਮੇਂ ਝੂਠੇ ਲਾਰਿਆਂ ਦੇ ਸਬਜ਼ਬਾਗ ਵਿਖਾ ਕੇ ਵਰਗਲਾ ਲਿਆ ਜਾਂਦਾ ਸੀ ਹੁਣ ਉਹ ਸ਼ਾਇਦ ਥੋੜਾ ਚੇਤੰਨ ਹੋ ਗਏ ਹਨ। ਸ਼ਾਇਦ ਇਸੇ ਲਈ ਵੋਟਰ ਐਤਕੀ ਖਾਮੋਸ਼ ਹਨ। ਰਵਾਇਤੀ ਧਿਰਾਂ ਨੂੰ ਤਾਂ ਭਲੇ ਹੀ ਉਨ੍ਹਾਂ ਨੇ ਅਜਮਾ ਲਿਆ ਹੈ ਅਤੇ ਉਹ ਗੰਭੀਰਤਾ ਨਾਲ ਸੋਚਣ ਲੱਗੇ ਹਨ ਕਿ ਵੋਟ ਉਸ ਨੂੰ ਪਾਉਣ ਜੋ ਆਪਣੀ ਨਿੱਜੀ ਹਿੱਤਾਂ ਦੀ ਥਾਂ ਲੋਕ ਹਿਤਾਂ ਨੂੰ ਪਹਿਲ ਦੇਵੇ।

ਮੋਬਾਈਲ 98141 22870
email: shangarasinghb-hullar@gmail.com

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ
• Biweekly payment
• Homely Environment
• ਵਧੀਆ ਤਨਖ਼ਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

AZ ਡਰਾਇਵਰਾਂ ਦੀ ਲੋੜ ਹੈ
"New Drivers are welcome"
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ
ਟੀਮ ਡਰਾਇਵਰਾਂ ਦੀ Texas, USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE TEMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
Local City Drivers @ 22/hr
For Canada To US Runs
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

Beauty Parlour ਲਈ ਲੜਕੀਆਂ ਦੀ ਲੋੜ ਹੈ
Beauty/Hair Salon in Mississauga ਲਈ hair cutting (Gents/Ladies) ਅਤੇ Threading/waxing ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ
Off: 905-814-7400
Ph: 416-566-9678

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਬਚਪਨ ਤੋਂ ਦੇਖਿਆ ਸਲਮਾਨ ਨਾਲ ਕੰਮ ਦਾ ਸੁਫਨਾ ਇੰਸ਼ਾਅੱਲ੍ਹਾ ਸੱਚ ਹੋ ਗਿਆ : ਆਲੀਆ ਭੱਟ



ਆਲੀਆ ਭੱਟ ਜਲਦੀ ਹੀ ਸਲਮਾਨ ਖਾਨ ਨਾਲ 'ਇੰਸ਼ਾਅੱਲ੍ਹਾ' ਵਿੱਚ ਕੰਮ ਕਰੇਗੀ। ਇਸ ਤੋਂ ਪਹਿਲਾਂ ਉਹ ਸ਼ਾਹਰੁਖ ਖਾਨ ਨਾਲ ਡਿਅਰ ਜ਼ਿੰਦਗੀ' ਵਰਗੀ ਫਿਲਮ ਵਿੱਚ ਆ ਚੁੱਕੀ ਹੈ। ਖਬਰਾਂ ਹਨ ਕਿ ਆਲੀਆ ਫਿਲਮ ਵਿੱਚ ਸਲਮਾਨ ਦੀ ਲਵ ਇੰਟ੍ਰੈਸਟ ਬਣੀ ਹੈ। ਆਲੀਆ ਪਹਿਲੀ ਵਾਰ ਸਲਮਾਨ ਨਾਲ ਕੰਮ ਕਰ ਰਹੀ ਹੈ। ਇਸ ਮੁਲਾਕਾਤ ਵਿੱਚ ਆਲੀਆ ਤੋਂ ਸਲਮਾਨ ਨਾਲ ਕੰਮ ਕਰਨ ਦੀ ਐਕਸਾਈਟਮੈਂਟ ਅਤੇ ਉਨ੍ਹਾਂ ਦੇ ਸਟਾਰਡਮ ਬਾਰੇ ਗੱਲਬਾਤ ਹੋਈ। ਪੇਸ਼ ਹਨ ਉਸੇ ਗੱਲਬਾਤ ਦੇ ਕੁਝ ਅੰਸ਼ :

* ਤੁਸੀਂ ਸਲਮਾਨ ਖਾਨ ਦੇ ਆਪੋਜ਼ਿਟ 'ਇੰਸ਼ਾਅੱਲ੍ਹਾ' ਵਿੱਚ ਕੰਮ ਕਰ ਰਹੇ ਹੋ। ਕੀ ਕੁਝ ਚੱਲ ਰਿਹਾ ਹੈ ਜ਼ਿਹਨ ਵਿੱਚ?

- ਅਸੀਂ ਇਸੇ ਸਾਲ ਦੇ ਅੱਧ ਵਿੱਚ ਸ਼ੂਟਿੰਗ ਸ਼ੁਰੂ ਕਰ ਰਹੇ ਹਾਂ। ਮੈਂ ਗਰਾਊਂਡ ਜ਼ੀਰੋ 'ਤੇ ਪਹੁੰਚ ਗਈ ਹਾਂ। 'ਇੰਸ਼ਾਅੱਲ੍ਹਾ' ਮੇਰੇ ਲਈ ਬਹੁਤ ਵੱਡਾ ਲਰਨਿੰਗ ਐਕਸਪੀਰੀਅੰਸ ਸਾਬਿਤ ਹੋਣ ਵਾਲਾ ਹੈ। ਸਲਮਾਨ ਖਾਨ ਵਰਗੇ ਐਕਟਰ ਦੇ ਨਾਲ ਕੰਮ ਕਰਨ ਨਾਲ ਤੁਹਾਡਾ ਪੋਰਟਫੋਲੀਓ ਬਹੁਤ ਰਿਚ ਹੋ ਜਾਂਦਾ ਹੈ। ਉਨ੍ਹਾਂ ਨੇ ਆਪਣੀ ਪਛਾਣ ਸਿਰਫ ਮੇਨ ਲੀਡ ਐਕਟਰ ਤੱਕ ਸੀਮਿਤ ਨਹੀਂ ਰੱਖੀ। ਉਹ ਸਿੰਗਿੰਗ, ਰਾਈਟਿੰਗ ਦੇ ਨਾਲ ਬਾਕੀ ਕੰਮਾਂ ਤੋਂ ਵੀ ਆਪਣੇ ਬ੍ਰੈਂਡ ਨੂੰ ਵਿਸਥਾਰ ਦੇ ਰਹੇ ਹਨ। ਉਹ ਯਕੀਨ ਰੱਖਦੇ ਹਨ ਕਿ ਉਨ੍ਹਾਂ ਦਾ ਕਿਰਦਾਰ ਜਮੀਰ ਦਾ ਪੱਕਾ ਹੋਵੇ। ਉਹ ਆਪਣਾ ਕੰਮ ਪੂਰਾ ਕਰ ਕੇ ਹੀ ਦਮ ਲਵੇ।

* ਸਲਮਾਨ ਦੇ ਸਟਾਰਡਮ ਦੀ ਤੁਸੀਂ ਕੀ ਵਿਆਖਿਆ ਕਰੋਗੇ?

-ਇਸ ਦੀ ਕੋਈ ਵਿਆਖਿਆ ਨਹੀਂ ਕਰ ਸਕਦਾ। ਸਿਰਫ ਇੰਨਾ ਕਿਹਾ ਜਾ ਸਕਦਾ ਹੈ ਕਿ ਦਰਸ਼ਕਾਂ ਦਾ ਉਨ੍ਹਾਂ ਨਾਲ ਵੱਡਾ ਆਨੈਸਟ ਪਿਆਰ ਹੈ। ਉਹ ਖੁਦ ਵੀ ਬੜੀ ਆਨੈਸਟੀ ਨਾਲ ਲੋਕਾਂ ਨਾਲ ਕੁਨੈਕਟ ਹੁੰਦੇ ਹਨ। ਉਹ ਫਨੀ ਡਾਂਸ ਵੀ ਕਰਨ ਤਾਂ ਦਰਸ਼ਕਾਂ ਨੂੰ ਮਜ਼ਾ ਆਉਂਦਾ ਹੈ। ਉਨ੍ਹਾਂ ਨੇ ਇੱਕ ਸਲਮਾਨ ਫਲੇਵਰ ਡਿਵੈਲਪ ਕੀਤਾ ਹੋਇਆ ਹੈ। ਉਹ ਅਲੱਗ-ਅਲੱਗ ਰੋਲ ਕਰਨ ਦੀ ਕੋਸ਼ਿਸ਼ ਵੀ ਕਰਦੇ ਹਨ। ਉਹ ਬੇਸ਼ੱਕ ਉਪਰੋਂ ਮਸਤਮੌਲਾ ਦਿਸਣ, ਕੰਮ ਬਾਰੇ ਬਹੁਤ ਸੀਰੀਅਸ ਹੁੰਦੇ ਹਨ। ਕਿਸੇ ਨਾਲ ਗੱਲ ਕਰਦੇ ਸਮੇਂ ਵੀ ਉਨ੍ਹਾਂ ਦੇ ਦਿਮਾਗ ਵਿੱਚ ਆਪਣੇ ਕਰੈਕਟਰ ਨੂੰ ਲੈ ਕੇ ਸੋਚ-ਵਿਚਾਰ ਚੱਲਦਾ ਹੀ ਰਹਿੰਦਾ ਹੈ।

* ਕੀ ਲੱਗਦਾ ਹੈ ਕਿ ਸਲਮਾਨ ਅੱਜ ਕੱਲ੍ਹ ਕਿਸ ਤਰ੍ਹਾਂ ਦੇ ਕਿਰਦਾਰ ਕਰ ਰਹੇ ਹਨ?

- ਸਲਮਾਨ ਨੇ ਖੁਦ ਨੂੰ ਰਿਪੀਟ ਕਰਨਾ ਛੱਡ ਦਿੱਤਾ ਹੈ। ਸਿਨੇਮਾ ਵੀ ਬਦਲਿਆ ਹੈ। ਕਮਰਸ਼ੀਅਲ ਜ਼ੋਨ ਵਿੱਚ ਵੀ ਫਿਲਮਾਂ ਰਿਅਲਸਟਿਕ ਹੁੰਦੀਆਂ ਜਾਂਦੀਆਂ ਹਨ। ਉਂਝ ਵੀ ਤੁਸੀਂ ਚੰਗੀਆਂ ਫਿਲਮਾਂ ਕਰੋ ਤਾਂ ਉਮਰ ਮਾਇਨੇ ਨਹੀਂ ਰੱਖਦੀ। ਦੂਸਰੀ ਚੀਜ਼ ਇਹ ਕਿ ਉਨ੍ਹਾਂ ਨੇ ਬਾਕੀ ਸਟਾਰਾਂ ਵਾਂਗ ਕਮਰਸ਼ੀਅਲ ਅਤੇ ਲੀਕ ਤੋਂ ਹਟ ਕੇ ਫਿਲਮਾਂ ਕਰਨ ਦੀ ਦੂਰੀ ਨੂੰ ਘੱਟ ਕੀਤਾ ਹੈ। ਅਜਿਹੇ ਵਿੱਚ ਕਮਰਸ਼ਲ ਫਿਲਮਾਂ ਤੋਂ ਮਿਲੀ ਸਫਲਤਾ ਅਤੇ ਦਰਸ਼ਕਾਂ ਦੇ ਹੁੰਗਾਰੇ ਕਾਰਨ ਉਹ ਐਕਸਪੈਰੀਮੈਂਟ ਕਰਨ ਦਾ ਖਤਰਾ ਲੈਣ ਲੱਗੇ ਹਨ।

* ਸਲਮਾਨ ਅਤੇ ਤੁਹਾਡੀ ਉਮਰ ਵਿੱਚ 27 ਸਾਲ ਦਾ ਫਰਕ ਹੈ। ਸਕਰੀਨ 'ਤੇ ਕਿਵੇਂ ਦਿਖਾਓਗੇ?

- ਮੈਂ ਖੁਦ ਨੌਂ ਸਾਲ ਦੀ ਉਮਰ ਤੋਂ ਕਹਿ ਰਹੀ ਸੀ ਕਿ ਇੰਸ਼ਾਅੱਲ੍ਹਾ ਉਨ੍ਹਾਂ ਨਾਲ ਕੰਮ ਕਰਾਂਗੀ। 'ਇੰਸ਼ਾਅੱਲ੍ਹਾ' ਹੋ ਗਿਆ। ਮੈਂ ਭੰਸਾਲੀ ਸਰ ਦੀ ਬਹੁਤ ਵੱਡੀ ਫੈਨ ਹਾਂ। ਸਭ ਤੋਂ ਪਹਿਲਾਂ ਉਨ੍ਹਾਂ ਨੇ ਹੀ ਮੈਨੂੰ 'ਬਲੈਕ' ਦੇ ਟਾਈਮ 'ਤੇ ਟੈਕਨੀਕਲੀ ਦੇਖਿਆ ਸੀ। ਤਦ ਉਨ੍ਹਾਂ ਨੂੰ ਮੇਰੇ ਵਿੱਚ ਇੱਕ ਝਲਕ ਦਿਸ ਗਈ। ਮੇਰੀ ਮਾਂ ਨੂੰ ਉਨ੍ਹਾਂ ਨੇ ਕਿਹਾ ਸੀ ਕਿ ਸਹੀ ਸਮੇਂ 'ਤੇ ਮੈਨੂੰ ਇਸ ਫੀਲਡ ਵਿੱਚ ਆਉਣ ਦੇਣ। ਉਸ ਜ਼ਮਾਨੇ ਤੋਂ ਮੇਰਾ ਸੁਫਨਾ ਸੀ ਕਿ ਮੈਂ ਕਦੇ ਨਾ ਕਦੇ ਉਨ੍ਹਾਂ ਨਾਲ ਕੰਮ ਕਰਾਂ, ਤਾਂ ਕਿ ਉਨ੍ਹਾਂ ਨੇ ਸਾਲਾਂ ਪਹਿਲਾਂ ਮੈਨੂੰ ਜਿਸ ਵਿਜ਼ਨ ਵਿੱਚ ਦੇਖਿਆ ਸੀ, ਉਸ ਨੂੰ ਪਰੂਵ ਕਰ ਸਕਾਂ। ਕਿਸਮਤ ਨਾਲ ਉਹ ਹੋ ਰਿਹਾ ਹੈ।

* ਫਿਲਮ ਵਿੱਚ ਤੁਹਾਡੇ ਦੋਵਾਂ ਦੀ ਜੋੜੀ ਪਿਆਰ-ਮੁਹੱਬਤ ਵਿੱਚ ਪੈਂਦੀ ਹੈ ਜਾਂ ਕੁਝ ਹੋਰ ਹੁੰਦਾ ਹੈ?

- ਤੁਹਾਡੇ ਇਸ ਸਵਾਲ ਦਾ ਜਵਾਬ ਮੈਂ ਇਸ ਸਮੇਂ ਨਹੀਂ ਦੇ ਸਕਦੀ, ਪਰ ਅਜਿਹੇ ਪ੍ਰੋਜੈਕਟਾਂ ਵਿੱਚ ਮੈਨੂੰ ਕਰੈਕਟਰ ਰੋਲ ਮਿਲਦਾ ਤਾਂ ਵੀ ਜ਼ਰੂਰ ਕਰਦੀ। ਇਹ ਬਹੁਤ ਸੁੰਦਰ ਕਹਾਣੀ ਹੈ। ਮੈਨੂੰ ਇਸ ਤੋਂ ਬੜੀਆਂ ਆਸਾਂ ਹਨ। ਸਲਮਾਨ ਆਪਣੇ ਸਹਿ-ਕਲਾਕਾਰਾਂ ਨੂੰ ਕਾਫੀ ਸਪੇਸ ਦਿੰਦੇ ਹਨ। ਨਵੇਂ ਟੈਲੇਂਟਸ ਨੂੰ ਪ੍ਰਮੋਟ ਕਰਦੇ ਹਨ। ਉਨ੍ਹਾਂ ਦੀ ਇਮੇਜ ਬੜੀ ਸਟਰਾਂਗ ਹੈ। ਇਸ ਦੇ ਕਾਰਨ ਉਹ ਲੰਬੇ ਸਮੇਂ ਤੋਂ ਸੁਪਰ ਸਟਾਰ ਬਣੇ ਹੋਏ ਹਨ।

* ਜਦੋਂ ਤੁਸੀਂ ਭਾਵਨਾਤਮਕ ਤੌਰ 'ਤੇ ਥਕਾ ਦੇਣ ਵਾਲੇ ਕਿਰਦਾਰ ਨਿਭਾਉਂਦੇ ਹੋ ਤਾਂ ਕੀ ਉਨ੍ਹਾਂ ਨੂੰ ਆਪਣੇ ਨਾਲ ਘਰ ਵੀ ਲੈ ਜਾਂਦੇ ਹੋ ਜਾਂ ਆਸਾਨੀ ਨਾਲ ਉਨ੍ਹਾਂ ਤੋਂ ਛੁਟਕਾਰਾ ਪਾ ਲੈਂਦੇ ਹੋ?

- ਮੈਂ ਪੀਰੀਅਡ ਡਰਾਮਾ 'ਕਲੰਕ ਨਾਲ ਹੀ ਫੈਂਟੇਸੀ ਐਕਸ਼ਨ ਅਡਵੈਂਚਰ 'ਬ੍ਰਹਮਾਸਤਰ' ਵੀ ਕਰ ਰਹੀ ਸੀ, ਇਸ ਲਈ ਮੇਰੇ ਕੋਲ ਕਿਰਦਾਰ ਨੂੰ ਛੱਡ ਦੇਣ ਦਾ ਕੋਈ ਬਦਲ ਨਹੀਂ ਸੀ। ਦੋਵੇਂ ਕਿਰਦਾਰ ਇੱਕ-ਦੂਜੇ ਤੋਂ ਬਿਲਕੁਲ ਵੱਖਰੇ ਹਨ। 'ਕਲੰਕ' ਵਿੱਚ ਕਈ ਅਜਿਹੇ ਪਲ ਸਨ ਜਿੱਥੇ ਮੈਨੂੰ ਬਹੁਤ ਡੂੰਘਾਈ 'ਚ ਜਾਣਾ ਪੈਂਦਾ ਸੀ। ਇਸ ਕਿਰਦਾਰ ਲਈ ਮੈਨੂੰ ਵੱਖ-ਵੱਖ ਜਗ੍ਹਾ 'ਤੇ ਬਿਨਾਂ ਕਿਸੇ ਜਾਣਕਾਰੀ ਦੇ ਜਾਣਾ ਪੈਂਦਾ ਸੀ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE

ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients
Forklift Re-Certification Only $69.00/-
Karnail Singh

416.670.3173 | 905.799.7333
27 Edvac Dr, Brampton, ON L6S 5X8

# ਸਾਜਿਦ ਦੀ ਅਗਲੀ ਫਿਲਮ ਵਿੱਚ ਐਕਸ਼ਨ ਕਰੇਗੀ ਪੂਜਾ ਹੇਗੜੇ



ਅਭਿਨੇਤਰੀ ਪੂਜਾ ਹੇਗੜੇ ਨੇ 2016 ਵਿੱਚ 'ਮੋਹਨਜੋਦੜੋ' ਨਾਲ ਬਾਲੀਵੁੱਡ ਡੈਬਿਊ ਕੀਤਾ ਸੀ। ਉਹ ਜਲਦੀ ਹੀ ਰਿਲੀਜ ਹੋਣ ਵਾਲੀ ਮਲਟੀਸਟਾਰਰ ਫਿਲਮ 'ਹਾਊਸਫੁੱਲ 4' ਵਿੱਚ ਵੀ ਆਏਗੀ। ਸੁਣਨ ਵਿੱਚ ਆਇਆ ਹੈ ਕਿ ਨਿਰਮਾਤਾ ਸਾਜਿਦ ਨਾਡਿਆਡਵਾਲਾ ਨੇ ਉਨ੍ਹਾਂ ਨਾਲ ਤਿੰਨ ਹਿੰਦੀ ਫਿਲਮਾਂ ਦੀ ਡੀਲ ਕੀਤੀ ਹੈ। ਇਹ ਫਿਲਮਾਂ ਐਕਸ਼ਨ ਜਾਨਰ ਦੀਆਂ ਹਨ ਤੇ ਪੂਜਾ ਪਹਿਲੀ ਵਾਰ ਕੰਫਰਟ ਜ਼ੋਨ 'ਚੋਂ ਬਾਹਰ ਨਿਕਲ ਕੇ ਕੁਝ ਸ਼ਾਨਦਾਰ ਐਕਸ਼ਨ ਮੂਵਸ ਕਰਦੀ ਨਜ਼ਰ ਆਏਗੀ। ਸੂਤਰਾਂ ਮੁਤਾਬਕ ਪੂਜਾ ਇਨ੍ਹਾਂ ਫਿਲਮਾਂ 'ਤੇ ਕੰਮ ਸ਼ੁਰੂ ਕਰਨ ਵਾਲੀ ਹੈ। ਮੰਨਿਆ ਜਾ ਰਿਹਾ ਹੈ ਕਿ ਇਹ ਹਾਲੀਵੁੱਡ ਥ੍ਰਿਲਰ ਫਿਲਮ 'ਟਾਂਬ ਰੇਡਰ' ਵਰਗੀ ਹੀ ਸੀਰੀਜ਼ ਹੈ, ਜਿਸ ਵਿੱਚ ਐਂਜੇਲੀਨਾ ਜੋਲੀ ਮੁੱਖ ਭੂਮਿਕਾ ਵਿੱਚ ਸੀ।

# 'ਕਾਰਗਿਲ ਗਰਲ' ਨੂੰ ਡਿਫੈਂਸ ਮਨਿਸਟਰੀ ਨੇ ਕਲੀਅਰੈਂਸ ਨਹੀਂ ਦਿੱਤੀ



ਫਿਲਮ 'ਉੜੀ : ਦ ਸਰਜੀਕਲ ਸਟਰਾਈਕ' ਦੀ ਸਕਸੈੱਸ ਮਗਰੋਂ ਬਾਲੀਵੁੱਡ ਵਿੱਚ ਫੌਜ 'ਤੇ ਆਧਾਰਤ ਕਈ ਹੋਰ ਫਿਲਮਾਂ ਬਣ ਰਹੀਆਂ ਹਨ। ਕੁਝ ਮੇਕਰਸ ਨੇ ਕੈਪਟਨ ਵਿਕਰਮ ਬੱਤਰਾ ਅਤੇ ਵਿੰਗ ਕਮਾਂਡਰ ਗੁੰਜਨ ਸਕਸੈਨਾ 'ਤੇ ਫੋਕਸ ਰੱਖ ਕੇ ਇਨ੍ਹਾਂ 'ਤੇ ਬਾਇਓਪਿਕ ਬਣਾਉਣੀ ਸ਼ੁਰੂ ਕੀਤੀ ਹੈ। ਵਿਕਰਮ ਬੱਤਰਾ ਦੀ ਬਾਇਓਪਿਕ ਵਿੱਚ ਸਿਧਾਰਥ ਮਲਹੋਤਰਾ ਲੀਡ ਰੋਲ ਵਿੱਚ ਹਨ। ਉਥੇ ਜਾਹਨਵੀ ਕਪੂਰ ਗੁੰਜਨ ਸਕਸੈਨਾ ਦੇ ਰੂਪ ਵਿੱਚ ਨਜ਼ਰ ਆਏਗੀ।

ਇੱਕ ਰਿਪੋਰਟ ਮੁਤਾਬਕ ਵਿਕਰਮ ਬੱਤਰਾ ਦੀ ਬਾਇਓਪਿਕ 'ਸ਼ੇਰ ਸ਼ਾਹ' ਨੂੰ ਡਿਫੈਂਸ ਮਨਿਸਟਰੀ ਨੇ ਹਰੀ ਝੰਡੀ ਦੇ ਦਿੱਤੀ ਹੈ, ਪਰ ਜਾਹਨਵੀ ਕਪੂਰ ਦੀ 'ਕਾਰਗਿਲ ਗਰਲ' ਨੂੰ ਮਨਿਸਟਰੀ ਨੇ ਕਲੀਅਰੈਂਸ ਨਹੀਂ ਦਿੱਤੀ। ਇਸੇ ਕਾਰਨ ਅਜੇ ਤੱਕ ਫਿਲਮ ਦਾ ਰਸਮੀ ਐਲਾਨ ਨਹੀਂ ਹੋ ਸਕਿਆ। ਇਸ ਫਿਲਮ ਦੀ ਸ਼ੂਟਿੰਗ ਲਖਨਊ ਵਿੱਚ ਚੱਲ ਰਹੀ ਹੈ। ਵਿਕਰਮ ਬੱਤਰਾ ਬਾਇਓਪਿਕ ਦੇ ਸਹਿ-ਨਿਰਮਾਤਾ ਸ਼ੱਬੀਰ ਨੇ ਦੱਸਿਆ ਕਿ ਫੌਜ ਜਾਂ ਫੌਜ ਦੇ ਕਿਸੇ ਅਫਸਰ 'ਤੇ ਫਿਲਮ ਬਣਾਉਣ ਲਈ ਪਰਵਾਰ ਦੇ ਨਾਲ ਡਿਫੈਂਸ ਮਨਿਸਟਰੀ ਤੋਂ ਆਗਿਆ ਲੈਣੀ ਹੁੰਦੀ ਹੈ। ਅਸੀਂ ਫਿਲਮ ਨਾਲ ਜੁੜੇ ਸਾਰੇ ਜ਼ਰੂਰੀ ਕਾਗਜ਼ ਮਨਿਸਟਰੀ ਵਿੱਚ ਜਮ੍ਹਾ ਕਰਾ ਦਿੱਤੇ ਸਨ। ਜਦ ਮੰਤਰਾਲੇ ਨੇ ਇਸ ਨੂੰ ਪਾਸ ਕਰ ਦਿੱਤਾ ਤਾਂ ਅਸੀਂ ਮਈ ਤੋਂ ਚੰਡੀਗੜ੍ਹ ਵਿੱਚ ਇਸ ਦੇ ਦੂਸਰੇ ਸ਼ਡਿਊਲ ਦੀ ਸ਼ੂਟਿੰਗ ਸ਼ੁਰੂ ਕਰਾਂਗੇ।

# ਚੰਗਾ ਰਿਹਾ ਸਫਰ : ਸੋਨਾਲੀ ਸਹਿਗਲ



ਸੋਨਾਲੀ ਸਹਿਗਲ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਮਾਡਲਿੰਗ ਤੋਂ ਕੀਤੀ ਸੀ, ਪਰ ਉਸ ਨੂੰ ਹਿੰਦੀ ਸਿਨੇਮਾ 'ਚ ਆਉਣ ਦਾ ਪਹਿਲਾ ਮੌਕਾ ਲਵ ਰੰਜਨ ਦੀ ਫਿਲਮ 'ਪਿਆਰ ਕਾ ਪੰਚਨਾਮਾ' ਨਾਲ ਮਿਲਿਆ। ਫਿਲਮਾਂ ਤੋਂ ਇਲਾਵਾ ਉਹ ਪਲੇਅ ਬੈਕ ਸਿੰਗਰ ਆਤਿਫ ਅਸਲਮ ਦੇ ਮਿਊਜ਼ਿਕ ਵੀਡੀਓ 'ਪ੍ਰੇਮ' ਵਿੱਚ ਵੀ ਆ ਚੁੱਕੀ ਹੈ ਤੇ ਕਈ ਰਿਐਲਿਟੀ ਸ਼ੋਅਜ਼ ਵਿੱਚ ਬਤੌਰ ਐਂਕਰ ਵੀ ਆਉਂਦੀ ਰਹਿੰਦੀ ਹੈ। ਉਸ ਦੇ ਹਿੱਸੇ 'ਚ ਡੈਬਿਊ ਫਿਲਮ ਦੇ ਸੀਕਵੈਂਸ 'ਪਿਆਰ ਕਾ ਪੰਚਨਾਮਾ-2' ਦੇ ਨਾਲ 'ਵੈਡਿੰਗ ਪੁਲਾਓ' ਵਰਗੀਆਂ ਵੀ ਹਨ। ਪੇਸ਼ ਹਨ ਉਸ ਨਾਲ ਗੱਲਬਾਤ ਦੇ ਕੁਝ ਅੰਸ਼ :

* ਕੋਲਕਾਤਾ ਤੋਂ ਮੁੰਬਈ ਤੱਕ ਦੀ ਯਾਤਰਾ ਕਿਹੋ ਜਿਹੀ ਰਹੀ?

- ਇੱਕ ਲਾਈਨ 'ਚ ਕਹਾਂ ਤਾਂ ਇਹ ਇੱਕ ਡ੍ਰੀਮ ਜਰਨੀ ਰਹੀ ਹੈ। ਮੈਨੂੰ ਯੰਗ ਏਜ ਤੋਂ ਹੀ ਪਤਾ ਸੀ ਕਿ ਮੈਂ ਮਿਸ ਇੰਡੀਆ ਬਣਨਾ ਚਾਹੁੰਦੀ ਹਾਂ। ਕਿਉਂਕਿ ਕੋਲਕਾਤਾ ਵਿੱਚ ਕਈ ਫੈਸ਼ਨ ਸ਼ੋਅਜ਼ ਕੀਤੇ ਸਨ ਅਤੇ ਲਗਭਗ ਸਾਰੇ ਜਿੱਤੇ ਵੀ ਸਨ, ਇਸ ਕਾਰਨ ਅੱਗੇ ਖਾਸ ਪ੍ਰੇਸ਼ਾਨੀ ਨਹੀਂ ਹੋਈ। ਮੇਰੀ ਮਾਂ ਦੀ ਵੀ ਮੈਨੂੰ ਕਾਫੀ ਸੁਪੋਰਟ ਸੀ, ਇਸ ਲਈ ਮੇਰੀ ਬਾਲੀਵੁੱਡ ਤੱਕ ਦੀ ਜਰਨੀ ਕਾਫੀ ਚੰਗੀ ਰਹੀ ਹੈ।

* ਕੀ ਤੁਹਾਡੀ ਬੈਕ ਗਰਾਊਂਡ ਫਿਲਮਾਂ ਨਾਲ ਜੁੜੀ ਹੈ?

- ਬਿਲਕੁਲ ਨਹੀਂ, ਦੂਰ ਦੂਰ ਤੱਕ ਨਹੀਂ। ਮੇਰੀ ਤਾਂ ਕੋਈ ਫਿਲਮੀ ਬੈਕਗਰਾਊਂਡ ਨਹੀਂ ਰਹੀ। ਮੈਂ ਭੁਵਨੇਸ਼ਵਰ 'ਚ ਪੈਦਾ ਹੋਈ, ਕੋਲਕਾਤਾ ਵਿੱਚ ਵੱਡੀ ਹੋਈ, ਇਸ ਕਾਰਨ ਮੇਰਾ ਇਸ ਫੀਲਡ 'ਚ ਕੋਈ ਵੀ ਨਹੀਂ ਹੈ। ਪਾਪਾ ਆਰਮੀ ਤੋਂ ਅਤੇ ਭਰਾ ਹੈਦਰਾਬਾਦ ਦੀ ਵੱਡੀ ਕੰਪਨੀ ਵਿੱਚ ਜੌਬ ਕਰ ਰਿਹਾ ਹੈ। ਜਦੋਂ ਮੈਂ ਫਿਲਮ ਨਗਰੀ 'ਚ ਆਈ ਤਾਂ ਮੇਰਾ ਕੋਈ ਦੋਸਤ ਵੀ ਏਥੇ ਨਹੀਂ ਸੀ। ਕੋਈ ਰਿਸ਼ਤੇਦਾਰ ਵੀ ਨਹੀਂ। ਬੱਸ ਮੈਂ ਹੀ ਇਸ ਲਾਈਨ 'ਚ ਆਪਣਾ ਨਾਂਅ ਰੋਸ਼ਨ ਕਰਨ ਆ ਗਈ।

* ਮਾਡਲਿੰਗ ਤੋਂ ਬਾਅਦ ਫਿਲਮਾਂ ਵਿੱਚ ਆਉਣ ਲਈ ਤੁਹਾਨੂੰ ਸਟ੍ਰਗਲ ਵੀ ਕਰਨਾ ਪਿਆ?

- ਮੈਨੂੰ ਕੋਈ ਖਾਸ ਸਟ੍ਰਗਲ ਨਹੀਂ ਕਰਨਾ ਪਿਆ, ਕਿਉਂਕਿ ਮੈਨੂੰ ਪਹਿਲਾਂ ਹੀ ਇੱਕ ਚੰਗਾ ਪੁਸ਼ ਮਿਲ ਚੁੱਕਾ ਸੀ। ਮੈਂ ਮਿਸ ਇੰਡੀਆ ਦਾ ਮੁਕਾਬਲਾ ਜਿੱਤਿਆ ਸੀ, ਇਸ ਲਈ ਮਾਡਲਿੰਗ 'ਚ ਆਸਾਨੀ ਨਾਲ ਆ ਗਈ। ਕੋਲਕਾਤਾ 'ਚ ਹੋਏ ਲਗਭਗ ਸਾਰੇ ਫੈਸ਼ਨ ਸ਼ੋਅਜ਼ ਵਿੱਚ ਹਿੱਸਾ ਲਿਅ ਅਤੇ ਉਨ੍ਹਾਂ ਨੂੰ ਜਿੱਤਿਆ ਵੀ। ਇਸ ਤੋਂ ਇਲਾਵਾ ਕਈ ਟੀ ਵੀ ਕਮਰਸ਼ੀਅਲਜ਼ ਵੀ ਕੀਤੇ, ਪਰ ਉਦੋਂ ਨਹੀਂ ਸੋਚਿਆ ਸੀ ਕਿ ਅੱਗੇ ਚੱਲ ਕੇ ਫਿਲਮਾਂ ਵਿੱਚ ਕੰਮ ਕਰਾਂਗੀ। ਮੁੰਬਈ ਵਿੱਚ ਵੀ ਬਹੁਤ ਸੰਘਰਸ਼ ਨਹੀਂ ਕਰਨਾ ਪਿਆ।

* ਵੱਖ-ਵੱਖ ਡਾਇਰੈਕਟਰਾਂ ਨਾਲ ਕੰਮ ਕਰਨ 'ਚ ਕਿੰਨਾ ਕੰਫਰਟ ਫੀਲ ਕਰਦੇ ਹੋ?

- ਮੈਂ ਅਜੇ ਹੋਰ ਕਈ ਡਾਇਰੈਕਟਰਾਂ ਨਾਲ ਕੰਮ ਕਰਨਾ ਹੈ। ਜਿੱਥੋਂ ਤੱਕ ਗੱਲ 'ਪਿਆਰ ਕਾ ਪੰਚਨਾਮਾ' ਦੀ ਹੈ, ਤਾਂ ਉਸ ਦੇ ਡਾਇਰੈਕਟਰ ਲਵ ਰੰਜਨ ਨਾਲ ਮੈਂ ਪਹਿਲੇ ਪਾਰਟ ਵਿੱਚ ਵੀ ਕੰਮ ਕੀਤਾ ਅਤੇ ਦੂਜੇ ਪਾਰਟ ਵਿੱਚ ਵੀ। ਅਜਿਹੀ ਹਾਲਤ 'ਚ ਉਨ੍ਹਾਂ ਨਾਲ ਕੰਮ ਕਰਨ 'ਚ ਜ਼ਿਆਦਾ ਕੰਫਰਟ ਰਹੀ। ਉਨ੍ਹਾਂ ਨੂੰ ਮੈਂ ਪਿਛਲੇ ਪੰਜ ਸਾਲਾਂ ਤੋਂ ਜਾਣਦੀ ਹਾਂ ਤਾਂ ਉਨ੍ਹਾਂ ਨਾਲ ਚੰਗੀ ਬਾਂਡਿੰਗ ਹੋ ਗਈ। 'ਵੈਂਡਿੰਗ ਪੁਲਾਓ' ਮੈਂ ਸਿਰਫ ਇਸ ਲਈ ਸਾਈਨ ਕੀਤੀ ਕਿ ਇਸ ਦੇ ਡਾਇਰੈਕਟਰ ਵਿਨੋਦ ਪ੍ਰਵਾਨ ਸਰ ਸਨ। ਮੈਂ ਉਨ੍ਹਾਂ ਦੇ ਕੰਮ ਤੋਂ ਕਾਫੀ ਪ੍ਰਭਾਵਿਤ ਹਾਂ। ਉਨ੍ਹਾਂ ਦਾ ਕੰਮ ਕਰਨ ਦਾ ਤਰੀਕਾ ਕਾਫੀ ਚੰਗਾ ਹੈ। ਉਹ ਕਾਫੀ ਕੂਲ ਤੇ ਰਿਲੈਕਸਡ ਰਹਿੰਦੇ ਹਨ, ਨਾਲ ਹੀ ਤੁਹਾਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਦੇ ਹਨ।

* ਕਿਹੜੇ ਅਜਿਹੇ ਐਕਟਰਸ-ਡਾਇਰੈਕਟਰਸ ਹਨ, ਜਿਨ੍ਹਾਂ ਨਾਲ ਤੁਸੀਂ ਕੰਮ ਕਰਨਾ ਚਾਹੋਗੇ?


-ਮੈਂ ਸਾਰੇ ਐਕਟਰਾਂ ਨਾਲ ਕੰਮ ਕਰਨਾ ਪਸੰਦ ਕਰਾਂਗੀ। ਡਾਇਰੈਕਟਰਾਂ ਦੀ ਲਿਸਟ ਕੁਝ ਲੰਬੀ ਹੈ। ਮੈਂ ਇਮਤਿਆਜ਼ ਅਲੀ, ਰਾਜੂ ਹਿਰਾਨੀ, ਸੰਜੇ ਲੀਲਾ ਭੰਸਾਲੀ, ਜ਼ੋਇਆ ਅਖਤਰ ਵਰਗੇ ਡਾਇਰੈਕਟਰਾਂ ਨਾਲ ਕੰਮ ਕਰਨਾ ਚਾਹਾਂਗੀ।


Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777

31 Melanie Dr. Unit #4 Brampton, ON L6T 5H8
Avtar Singh Tiwana
Sales Rep.

FOR SALE
Photo Not Available
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।


FOR SALE
$969,900
Sandalwood/ Sunny Meadow
5 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ ਨੂੰ 2 ਬੈਡਰੂਮ ਫੀਨਿਸ਼ਡ ਬੈਸਮੈਂਟ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।


FOR SALE
$799,900
Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੌਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।


FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

jobs! jobs! jobs! jobs! jobs!

DUNDAS·JAFINE

# HELP WANTED

## ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

**ਅਪਲਾਈ ਕਰਨ ਲਈ ਆਪ ਪਹੁੰਚੋ:**
110 Glidden Road – See Kamal 905-458-4733
80 West Drive – See Ravinder 905-450-7200

**ਜਾਂ ਫੇਰ ਈ-ਮੇਲ ਕਰੋ:**
jbrown@dundasjafine.com
kkaur@dundasjafine.com

TOTAL HOME Windows & Doors ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

WINTER & SPRING SPECIAL SALE

•WINDOWS •FIBERGLASS DOORS
•STEEL DOORS •SLIDING PATIO DOORS

Guaranteed lowest Price up to 50% OFF

▪Honest & fair prices ▪Professional installation
▪High quality products ▪First class service

For 5 Stars Reviews Online & Testimonial visit:
https://thwindowsdoors.com/testimonials/

Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com




Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr AUTHORIZED DEALER
379 Main St. North, Brampton, ON
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

